Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 166 | Monday, August 31, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper
THE ONLY DAILY PUNJABI NEWSPAPER
ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਫੈਡਰਲ ਸਰਕਾਰ ਨੇ ਟਰੈਵਲ ਸਬੰਧੀ ਪਾਬੰਦੀਆਂ 30 ਸਤੰਬਰ ਤੱਕ ਵਧਾਈਆਂ

ਓਟਵਾ, 30 ਅਗਸਤ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਫੈਡਰਲ ਸਰਕਾਰ ਵੱਲੋਂ ਟਰੈਵਲ ਸਬੰਧੀ ਪਾਬੰਦੀਆਂ ਇੱਕ ਮਹੀਨੇ ਲਈ ਹੋਰ ਵਧਾਈਆਂ ਜਾ ਰਹੀਆਂ ਹਨ।

ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਬੀਤੇ ਦਿਨੀਂ ਟਵਿੱਟਰ ਉੱਤੇ ਆਖਿਆ ਕਿ ਕੈਨੇਡਾ ਲਈ ਕੌਮਾਂਤਰੀ ਟਰੈਵਲ ਵਿੱਚ 30 ਸਤੰਬਰ ਤੱਕ ਹੋਰ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਬਲੇਅਰ ਨੇ ਆਖਿਆ ਕਿ ਕੈਨੇਡੀਅਨ ਨਾਗਰਿਕ ਤੇ ਪਰਮਾਨੈਂਟ ਰੈਜ਼ੀਡੈਂਟਸ, ਜਿਹੜੇ ਕੈਨੇਡਾ ਪਰਤ ਰਹੇ ਹਨ, ਨੂੰ ਕੁਆਰਨਟੀਨ ਸਬੰਧੀ ਸਖ਼ਤ ਮਾਪਦੰਡਾਂ ਦੀ ਪਾਲਣਾ ਕਰਨੀ ਹੋਵੇਗੀ।



ਅਜੇ ਵੀ ਕੈਨੇਡਾ ਆਉਣ ਵਾਲੇ ਟਰੈਵਲਰਜ਼ ਤੋਂ ਪੁੱਛਿਆ ਜਾਵੇਗਾ ਕਿ ਕੀ ਉਨ੍ਹਾਂ ਨੂੰ ਖੰਘ, ਬੁਖਾਰ ਜਾਂ ਸਾਹ ਲੈਣ ਵਿੱਚ ਦਿੱਕਤ ਆਦਿ ਤਾਂ ਨਹੀਂ ਹੈ। ਕੈਨੇਡਾ ਪਰਤਣ ਵਾ-ਲਿਆਂ ਨੂੰ ਜੇ ਕੋਵਿਡ-19 ਦੇ ਕੋਈ ਲੱਛਣ ਨਹੀਂ ਹਨ ਤਾਂ ਉਨ੍ਹਾਂ ਨੂੰ 14 ਦਿਨਾਂ ਲਈ ਕੁਆਰਨਟੀਨ ਕੀਤਾ ਜਾਣਾ ਲਾਜ਼ਮੀ ਹੋਵੇਗਾ ਤੇ ਜੇ ਉਨ੍ਹਾਂ ਵਿੱਚ ਕੋਵਿਡ-19 ਦੇ ਕੋਈ ਲੱਛਣ ਹਨ ਤਾਂ ਉਨ੍ਹਾਂ ਨੂੰ 14 ਦਿਨਾਂ ਲਈ ਆਈਸੋਲੇਟ ਕੀਤਾ ਜਾਵੇਗਾ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

## ਕਿਊਬਿਕ ਵਿੱਚ 20 ਅਧਿਆਪਕਾਂ ਨੂੰ ਕੀਤਾ ਗਿਆ ਕੁਆਰਨਟੀਨ

ਮਾਂਟਰੀਅਲ, 30 ਅਗਸਤ (ਪੋਸਟ ਬਿਊਰੋ) : ਸਕੂਲ ਵਿੱਚ ਦੋ ਐਜੂਕੇਟਰਜ਼ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਕਿਊਬਿਕ ਹਾਈ ਸਕੂਲ ਦੇ 20 ਅਧਿਆਪਕਾਂ ਨੂੰ ਕੁਆਰਨਟੀਨ ਕਰ ਦਿੱਤਾ ਗਿਆ ਹੈ।

ਕਿਊਬਿਕ ਦੇ ਫਰੈਂਚ ਲੈਂਗੁਏਜ ਸਕੂਲਜ਼ ਦੇ ਬਹੁਤੇ ਵਿਦਿਆਰਥੀ ਵੀਰਵਾਰ ਨੂੰ ਕਲਾਸਾਂ ਵਿੱਚ ਪਰਤੇ ਪਰ ਮਾਂਟਰੀਅਲ ਦੇ ਉੱਤਰਪੱਛਮ ਵਿਚਲੇ ਡੈਕਸ-ਮੌਂਟੇਨਜ ਹਾਈ ਸਕੂਲ ਦੇ 10ਵੀਂ ਤੇ 11ਵੀਂ ਦੇ ਵਿਦਿਆਰਥੀਆਂ ਨੂੰ ਅਜੇ ਆਪਣੇ ਘਰਾਂ ਵਿੱਚ ਹੀ ਰਹਿਣ ਲਈ ਆਖਿਆ ਗਿਆ ਹੈ। ਇਸ ਦੌਰਾਨ ਐਜੂਕੇਸ਼ਨ ਅਥਾਰਟੀਜ਼ ਇਹ ਫੈਸਲਾ




ਲੈਣ ਦੀ ਕੋਸ਼ਿਸ਼ ਕਰਨਗੀਆਂ ਕਿ ਸਕੂਲ ਸੈਸ਼ਨ ਨਾਲ ਅੱਗੇ ਕਿਵੇਂ ਵਧਿਆ ਜਾ ਸਕਦਾ ਹੈ।

ਸਕੂਲਾਂ ਦੀ ਨਿਗਰਾਨੀ ਕਰਨ ਵਾਲੇ ਸਰਵਿਸ ਸੈਂਟਰ ਸੀਐਸਐਸਐਮਆਈ ਦੀ ਮੈਲੇਨੀ ਪੌਇਰਰ ਨੇ ਆਖਿਆ ਕਿ ਉਨ੍ਹਾਂ ਦੇ ਕਈ ਅਧਿਆਪਕ ਛੁੱਟੀ ਉੱਤੇ ਰਹੇ। ਇਹ ਪਾਜ਼ੀਟਿਵ ਕੇਸ ਉਸ ਸਮੇਂ ਸਾਹਮਣੇ ਆਏ ਜਦੋਂ ਕਲਾਸ ਦੇ ਪਹਿਲੇ ਦਿਨ ਦੀ ਤਿਆਰੀ ਕਰਨ ਲਈ ਅਧਿਆਪਕਾਂ ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਗੱਲ 21 ਅਗਸਤ ਦੀ ਹੈ। ਪੌਇਰਰ ਨੇ ਆਖਿਆ ਕਿ ਉਸ ਦਿਨ ਤੋਂ ਹੁਣ ਤੱਕ ਕੋਈ ਵੀ ਅਧਿਆਪਕ ਸਕੂਲ ਨਹੀਂ ਆਇਆ।

ਉਨ੍ਹਾਂ ਆਖਿਆ ਕਿ ਇਸ ਦੌਰਾਨ ਕੋਈ ਵਿਦਿਆਰਥੀ ਅਜੇ ਸਕੂਲ ਨਹੀਂ ਸੀ ਆਇਆ। ਮਾਪਿਆਂ ਨੂੰ ਇਸ ਸਬੰਧ ਵਿੱਚ ਜਾਣੂ ਕਰਵਾ ਦਿੱਤਾ ਗਿਆ ਹੈ ਕਿ ਸਾਡੇ ਵੱਲੋਂ 20 ਅਧਿਆਪਕਾਂ ਨੂੰ ਕੁਆਰਨਟੀਨ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀਐਸਐਸਐਮਆਈ ਸਬਸਟੀਚਿਊਟ ਅਧਿਆਪਕਾਂ ਨੂੰ ਲਿਆਉਣ ਜਾਂ ਕੁਆਰਨਟੀਨ ਕੀਤੇ ਅਧਿਆਪਕਾਂ ਨੂੰ ਵੀਡੀਓਕਾਨਫਰੰਸ ਰਾਹੀਂ ਕਲਾਸਾਂ ਲਾਉਣ ਦੇ ਬਦਲ ਉੱਤੇ ਵਿਚਾਰ ਕਰ ਰਿਹਾ ਹੈ।

## ਚੀਨ ਵਿੱਚ ਜਨਮਦਿਨ ਦੇ ਜਸ਼ਨਾਂ ਦੌਰਾਨ ਦੋ ਮੰਜ਼ਿਲਾ ਬਿਲਡਿੰਗ ਡਿੱਗੀ, 29 ਹਲਾਕ



ਜ਼ਿਆਂਗਫੈਨ, 30 ਅਗਸਤ (ਪੋਸਟ ਬਿਊਰੋ) : ਇੱਕ ਸਥਾਨਕ 80 ਸਾਲਾ ਵਿਅਕਤੀ ਦੇ ਜਨਮਦਿਨ ਦੇ ਜਸ਼ਨਾਂ ਦੌਰਾਨ ਉੱਤਰੀ ਚੀਨ ਦੇ ਪਿੰਡ ਵਿੱਚ ਦੋ ਮੰਜ਼ਿਲਾ ਰੈਸਟੋਰੈਂਟ ਡਿੱਗ ਜਾਣ ਕਾਰਨ 29 ਵਿਅਕਤੀ ਮਾਰੇ ਗਏ। ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਦਿੱਤੀ। ਮਨਿਸਟਰੀ ਆਫ ਐਮਰਜੰਸੀ ਮੈਨੇਜਮੈਂਟ ਨੇ ਦੱਸਿਆ ਕਿ ਇਸ ਹਾਦਸੇ ਦੌਰਾਨ 28 ਲੋਕ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਸੱਤ ਦੀ ਹਾਲਤ ਨਾਜ਼ੁਕ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦਾ ਅਸਲ ਕਾਰਨ ਕੀ ਹੈ। ਸੈਂਕੜੇ ਦੀ ਗਿਣਤੀ ਵਿੱਚ ਰੈਸਕਿਊ ਵਰਕਰਜ਼ ਵੱਲੋਂ ਸੂਹੀਆ ਕੁੱਤਿਆਂ, ਕਰੇਨਜ਼ ਤੇ ਹਾਈ-ਟੈਕ ਸੈਂਸਰਜ਼ ਦੀ ਵਰਤੋਂ ਕਰਕੇ ਮਲਬੇ ਹੇਠ ਦੱਬੇ ਲੋਕਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਚੀਨ ਦੇ ਰੋਜ਼ਾਨਾ ਸਰਕਾਰੀ ਅਖਬਾਰ ਨੇ ਆਖਿਆ ਕਿ ਇਹ ਹਾਦਸਾ ਸ਼ਨਿੱਚਰਵਾਰ ਨੂੰ ਸਵੇਰੇ 9:40 ਉੱਤੇ ਵਾਪਰਿਆ। ਇਸ ਵਿੱਚ ਇਹ ਵੀ ਆਖਿਆ ਗਿਆ ਕਿ ਕੈਬਨਿਟ ਵਰਕ ਸੇਫਟੀ ਕਮਿਸ਼ਨ ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾਵੇਗੀ।

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

## ਪੁਲਿਸ ਬਜਟ ਵਿੱਚ ਕਟੌਤੀ ਲਈ ਟੋਰਾਂਟੋ ਤੇ ਕੈਨੇਡਾ ਭਰ ਵਿੱਚ ਹੋਈਆਂ ਰੈਲੀਆਂ

ਟੋਰਾਂਟੋ, 30 ਅਗਸਤ (ਪੋਸਟ ਬਿਊਰੋ) : ਪੁਲਿਸ ਨੂੰ ਹਾਸਲ ਹੋਣ ਵਾਲੇ ਫੰਡਾਂ ਵਿੱਚ ਕਟੌਤੀ ਦੀ ਮੰਗ ਨੂੰ ਲੈ ਕੇ ਟੋਰਾਂਟੋ ਤੇ ਕੈਨੇਡਾ ਭਰ ਵਿੱਚ ਕਈ ਰੈਲੀਆਂ ਕੀਤੀਆਂ ਗਈਆਂ।

ਟੋਰਾਂਟੋ ਵਿੱਚ ਪਹਿਲੀ ਰੈਲੀ ਦਾ ਆਯੋਜਨ ਕੋਲੀਸ਼ਨ ਫੌਰ ਬੀਆਈਪੀਓਸੀ ਲਿਬਰੇਸ਼ਨ ਐਂਡ ਨੌਟ ਅਨਦਰ ਬਲੈਕ ਲਾਈਫ ਵੱਲੋਂ ਕੀਤਾ ਗਿਆ, ਜਿਸ ਵਿੱਚ ਡਾਊਨਜ਼ਵਿਊ ਪਾਰਕ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਲੋਕ ਇੱਕਠੇ ਹੋਏ। ਮੁਜ਼ਾਹਰਾਕਾਰੀਆਂ ਨੇ ਕੀਲ ਸਟਰੀਟ ਉੱਤੇ ਸ਼ੈਪਰਡ ਐਵਨਿਊ ਵੈਸਟ ਉੱਤੇ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕੀਤਾ ਤੇ ਫਿਰ ਯੌਰਕ ਯੂਨੀਵਰਸਿਟੀ ਵੱਲ ਵਧ ਗਏ।

ਇੱਕ ਹੋਰ ਰੈਲੀ ਦੁਪਹਿਰੇ 4:00 ਵਜੇ ਕ੍ਰਿਸਟੀ ਪਿੱਟਜ਼ ਵਿਖੇ ਹੋਈ ਜਿੱਥੇ ਮੁਜ਼ਾਹਰਾਕਾਰੀ ਤੁਰਦੇ ਹੋਏ ਟੋਰਾਂਟੋ ਪੁਲਿਸ ਹੈੱਡਕੁਆਰਟਰ ਵੱਲ ਵਧੇ। ਮੁਜ਼ਾਹਰਾਕਾਰੀਆਂ ਦੀ ਰੈਸਟੋਰੈਂਟਸ ਤੇ ਆਪਣੀਆਂ ਇਮਾਰਤਾਂ ਦੀਆਂ ਖਿੜਕੀਆਂ ਵਿੱਚੋਂ ਵੇਖ ਰਹੇ ਲੋਕਾਂ ਵੱਲੋਂ ਵੀ ਹੌਸਲਾ ਅਫਜ਼ਾਈ ਕੀਤੀ ਗਈ। ਪ੍ਰਬੰਧਕਾਂ ਨੇ ਆਖਿਆ ਕਿ ਆਰਗੇਨਾਈਜ਼ੇਸ਼ਨ ਪੁਲਿਸ ਨੂੰ ਹਾਸਲ ਹੋਣ ਵਾਲੇ ਫੰਡਾਂ ਵਿੱਚ ਕਟੌਤੀ ਚਾਹੁੰਦੀ ਹੈ ਤੇ ਇਨ੍ਹਾਂ ਫੰਡਾਂ ਨੂੰ ਕਮਿਊਨਿਟੀ ਦੀ ਭਲਾਈ ਲਈ ਵਰਤਣ ਦੀ ਮੰਗ ਕਰ ਰਹੀ ਹੈ। ਕੋਲੀਸ਼ਨ ਵੱਲੋਂ ਜਾਰੀ




ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਕਿ ਉਹ ਸਿਟੀਜ਼ ਤੋਂ ਪੁਲਿਸ ਬਜਟ ਵਿੱਚ 50 ਫੀ ਸਦੀ ਕਟੌਤੀ ਕਰਨ ਦੀ ਮੰਗ ਕਰਦੀ ਹੈ। ਇਸ ਦੌਰਾਨ ਮਾਂਟਰੀਅਲ ਵਿੱਚ ਮੁਜ਼ਾਹਰਾ ਕਰ ਰਹੇ ਲੋਕਾਂ ਨੇ ਇੱਥੇ ਕੱਢੀ ਗਈ ਇੱਕ ਰੈਲੀ ਵਿੱਚ ਜੌਹਨ ਏ. ਮੈਕਡੌਨਲਡ ਦਾ ਬੁੱਤ ਡੇਗ ਦਿੱਤਾ ਤੇ ਉਸ ਦੇ ਮੂੰਹ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਮਾਰਚ ਵਿੱਚ 200 ਦੇ ਨੇੜੇ ਤੇੜੇ ਲੋਕਾਂ ਨੇ ਹਿੱਸਾ ਲਿਆ।

ਇੱਕ ਰਲੀਜ਼ ਅਨੁਸਾਰ ਇਨ੍ਹਾਂ ਤੋਂ ਇਲਾਵਾ ਲੰਡਨ, ਫਰੈਡਰਿਕਟਨ, ਮੌਂਕਟਨ, ਕੈਲਗਰੀ ਤੇ ਹੈਲੀਫੈਕਸ ਵਿੱਚ ਵੀ ਮੁਜ਼ਾਹਰੇ ਕੀਤੇ ਜਾਣਗੇ।

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Send - Exchange - Receive
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਰੈਲੀ ਵਿੱਚ ਹਿੰਸਾ ਭੜਕਨ ਕਾਰਨ 7 ਪੁਲਿਸ ਅਧਿਕਾਰੀ ਜ਼ਖ਼ਮੀ, 2 ਗ੍ਰਿਫਤਾਰ

ਐਗਲਿੰਟਨ, 30 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਮਿੱਡਟਾਊਨ ਵਿੱਚ ਚੱਲ ਰਹੀ ਇੱਕ ਰੈਲੀ ਨੂੰ ਰੋਕੇ ਜਾਣ ਤੋਂ ਬਾਅਦ ਕਈ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਏ ਤੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਗਲਿੰਟਨ ਕਰੌਸਟਾਊਨ ਐਲਆਰਟੀ ਦੀ ਹੋ ਰਹੀ ਕੰਸਟ੍ਰਕਸ਼ਨ ਤੇ ਉਸ ਦੇ ਲੋਕਲ ਕਾਰੋਬਾਰਾਂ ਉੱਤੇ ਪੈਣ ਵਾਲੇ ਪ੍ਰਭਾਵ ਖਿਲਾਫ ਆਪਣੀ ਆਵਾਜ਼ ਉਠਾਉਣ ਲਈ ਲੋਕ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਸਨ।

ਪੁਲਿਸ ਨੇ ਦੱਸਿਆ ਕਿ ਰਾਤੀਂ 8:00 ਵਜੇ ਤੋਂ ਕੁੱਝ ਸਮਾਂ ਪਹਿਲਾਂ ਇੱਕ ਵਿਅਕਤੀ, ਜੋ ਕਿ ਰੈਲੀ ਨਾਲ ਸਬੰਧਤ ਨਹੀਂ ਸੀ, ਇੱਕ ਗੱਡੀ ਉੱਤੇ ਚੜ੍ਹ ਗਿਆ। ਉਸ ਵਿਅਕਤੀ ਨੂੰ ਕੋਈ ਵੀ ਹੰਗਾਮਾਂ ਕਰਨ ਤੋਂ ਰੋਕਣ ਲਈ ਪੁਲਿਸ ਵੱਲੋਂ ਉਸ ਉੱਤੇ ਟੇਜ਼ਰ ਦੀ ਵਰਤੋਂ ਕੀਤੀ ਗਈ। ਇੱਕ ਹੋਰ ਵਿਅਕਤੀ ਵੀ ਇਸ ਸਾਰੀ ਗੜਬੜ ਦਾ ਹਿੱਸਾ ਬਣ ਗਿਆ ਤੇ ਉਸ ਉੱਤੇ ਵੀ ਪੁਲਿਸ ਨੂੰ ਟੇਜ਼ਰ ਦੀ ਵਰਤੋਂ ਕਰਨੀ ਪਈ।

ਪੁਲਿਸ ਨੇ ਆਖਿਆ ਕਿ ਭੀੜ ਵਿੱਚੋਂ ਕਈ ਹੋਰ ਲੋਕ ਤੈਸ਼ ਵਿੱਚ ਆ ਗਏ ਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਉੱਤੇ ਹੀ ਧਾਵਾ ਬੋਲ ਦਿੱਤਾ। ਭੀੜ ਨੂੰ ਖਿੰਡਾਉਣ ਲਈ ਪੁਲਿਸ ਦੀਆਂ ਹੋਰ ਯੂਨਿਟਸ ਵੀ ਸੱਦੀਆਂ ਗਈਆਂ। ਪਰ





ਇਸ ਦੌਰਾਨ ਸੱਤ ਅਧਿਕਾਰੀ ਜ਼ਖ਼ਮੀ ਹੋ ਗਏ ਜਿਨ੍ਹਾਂ ਵਿੱਚੋਂ ਇਲਾਜ ਲਈ ਚਾਰ ਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ। ਸ਼ਰਾਰਤ ਤੇ ਪੁਲਿਸ ਉੱਤੇ ਹਮਲਾ ਬੋਲਣ ਲਈ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਵੱਲੋਂ ਅਜੇ ਵੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮਿਸੀਸਾਗਾ ਦੇ ਸ਼ਾਪਿੰਗ ਸੈਂਟਰ ਨੇੜਿਓਂ ਮਿਲੀ ਲਾਸ਼, ਪੁਲਿਸ ਕਰ ਰਹੀ ਹੈ ਜਾਂਚ




ਮਿਸੀਸਾਗਾ, 30 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਪੁਲਿਸ ਵੱਲੋਂ ਇੱਕ ਵਿਅਕਤੀ ਦੀ ਮੌਤ ਦੀ ਜਾਂਚ ਕੀਤੀ ਜਾ ਰਹੀ ਹੈ।

ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਐਤਵਾਰ ਦੁਪਹਿਰ ਨੂੰ ਉਨ੍ਹਾਂ ਨੂੰ ਸਕੁਏਅਰ ਵੰਨ ਸ਼ਾਪਿੰਗ ਸੈਂਟਰ ਨੇੜਲੇ ਇਲਾਕੇ ਵਿੱਚ ਸੱਦਿਆ ਗਿਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਹਾਲਾਤ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਪਰ ਉਨ੍ਹਾਂ ਵੱਲੋਂ ਕਿਸੇ ਤਰ੍ਹਾਂ ਦੇ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ। ਹੁਰੌਨਤਾਰੀਓ ਸਟਰੀਟ ਤੇ ਬਰਨਹੈਮਥੌਰਪ ਰੋਡ ਇਲਾਕੇ ਦੀਆਂ ਰੋਡਜ਼ ਨੂੰ ਜਾਂਚ ਲਈ ਬੰਦ ਕੀਤਾ ਗਿਆ ਹੈ।

## ਜ਼ੁਕਰਬਰਗ ਨੇ ਮੰਨ ਲਿਆ: ਫੇਸਬੁੱਕ ਨੇ ਭੜਕਾਊ ਪੋਸਟ ਨਾ ਹਟਾ ਕੇ ਗ਼ਲਤੀ ਕੀਤੀ ਸੀ



ਵਾਸ਼ਿੰਗਟਨ, 30 ਅਗਸਤ, (ਪੋਸਟ ਬਿਊਰੋ)- ਅਮਰੀਕਾ ਵਿਚ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਤੋਂ ਇਕ ਗ਼ਲਤੀ ਹੋਈ ਹੈ। ਪਿਛਲੇ ਹਫ਼ਤੇ ਉਹ ਇਸ ਪਲੇਟਫਾਰਮ ਤੋਂ ਇਕ ਭੜਕਾਊ ਪੋਸਟ ਨੂੰ ਨਹੀਂ ਹਟਾ ਸਕੀ। ਇਸ ਕੰਪਨੀ ਦੇ ਸੀਈਓ ਮਾਰਕ ਜ਼ੁਕਰਬਰਗ ਨੇ ਇਹ ਗੱਲ ਮੰਨੀ ਹੈ ਕਿ ਫੇਸਬੁੱਕ ਨੇ ਹਿੰਸਾ ਦੀ ਵਕਾਲਤ ਕਰਨ ਵਾਲੇ ਇਸ ਪੋਸਟ ਨੂੰ ਨਾ ਹਟਾ ਕੇ ਗ਼ਲਤੀ ਕੀਤੀ ਹੈ, ਪ੍ਰੰਤੂ ਇਸ ਦੀ ਮਾਫ਼ੀ ਫਿਰ ਵੀ ਨਹੀਂ ਮੰਗੀ।

ਮਿਲੀ ਜਾਣਕਾਰੀ ਅਨੁਸਾਰ ਇਹ ਕੇਸ ਇੱਕਗੈਰ-ਗੋਰੇ ਨੌਜਵਾਨ ਜੈਕਬ ਬਲੈਕ ਨੂੰ ਅਮਰੀਕੀ ਪੁਲਿਸ ਵੱਲੋਂ ਗੋਲ਼ੀ ਮਾਰਨ ਨਾਲ ਜੁੜਿਆ ਹੈ। ਵਿਸਕਾਨਸਿਨ ਦੇ ਕੇਨੋਸ਼ਾ ਵਿਚ ਪੁਲਿਸ ਵੱਲੋਂ ਜੈਕਬ ਦੀ ਪਿੱਠ ਵਿਚ ਸੱਤ ਗੋਲ਼ੀਆਂ ਮਾਰਨ ਦੇ ਬਾਅਦ ਜੈਕਬ ਪੈਰਾਲਾਈਜ਼ ਹੋ ਗਿਆ ਹੈ। ਇਸ ਪਿੱਛੋਂ ਕੇਨੋਸ਼ਾ ਵਿਚ ਪ੍ਰਦਰਸ਼ਨ ਸ਼ੁਰੂ ਹੋ ਗਏ ਅਤੇ ਇਸ ਦੌਰਾਨ 'ਕੇਨੋਸ਼ਾ ਗਾਰਡ' ਨਾਂ ਦੇ ਇਕ ਫੇਸਬੁੱਕ ਪੇਜ ਤੋਂ ਲੋਕਾਂ ਤੋਂ ਹਥਿਆਰਾਂ ਸਮੇਤ ਕੇਨੋਸ਼ਾ ਵਿਚ ਆਉਣਨੂੰ ਕਿਹਾ ਗਿਆ ਸੀ। ਫੇਸਬੁੱਕ ਦੇ ਸੀ ਈ ਓ ਜ਼ੁਕਰਬਰਗ ਨੇ ਇਕ ਵੀਡੀਓ ਪੋਸਟ ਵਿਚ ਕਿਹਾ ਕਿ ਇਹ ਪੋਸਟ ਫੇਸਬੁੱਕ ਦੀ ਨੀਤੀ ਦੇ ਖ਼ਿਲਾਫ਼ ਸੀ। ਵਰਨਣ ਯੋਗ ਹੈ ਕਿ ਕਈ ਲੋਕਾਂ ਨੇ ਇਸ ਪੋਸਟ ਵੱਲ ਧਿਆਨ ਦਿਵ-ਾਇਆ, ਪਰ ਓਦੋਂ ਇਸ ਨੂੰ ਹਟਾਇਆ ਨਹੀਂਸੀਗਿਆ। ਜ਼ੁਕਰਬਰਗ ਦਾ ਕਹਿਣਾ ਹੈ ਕਿ ਇਹ ਇਕ ਗ਼ਲਤੀ ਸੀ। ਫਿਰ ਬੁੱਧਵਾਰ ਨੂੰ ਇਹ ਪੋਸਟ ਓਦੋਂ ਹਟਾਈ ਗਈ, ਜਦੋਂ ਇਕ ਹਥਿਆਰਬੰਦ ਵਿਅਕਤੀ ਨੇ ਦੋ ਜਣਿਆਂਨੂੰ ਮਾਰ ਦਿੱਤਾ ਅਤੇ ਤੀਜੇ ਨੂੰ ਜ਼ਖ਼ਮੀ ਕਰ ਦਿੱਤਾ ਸੀ।

# ਹਾਈਵੇਅ 404 ਉਤੇ ਨਿੱਕੇ ਜਹਾਜ਼ ਨੂੰ ਕਰਨੀ ਪਈ ਐਮਰਜੰਸੀ ਲੈਂਡਿੰਗ

ਓਨਟਾਰੀਓ, 30 ਅਗਸਤ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਬਟਨਵਿੱਲ ਏਅਰਪੋਰਟ ਦੇ ਉੱਤਰ ਵੱਲ 16 ਐਵਨਿਊ ਵਿਖੇ ਹਾਈਵੇਅ 404 ਦੇ ਪੂਰਬੀ ਹਿੱਸੇ ਵਿੱਚ ਇੱਕ ਨਿੱਕੇ ਜਹਾਜ਼ ਨੂੰ ਐਮਰਜੰਸੀ ਲੈਂਡਿੰਗ ਕਰਨੀ ਪਈ।

ਯੌਰਕ ਰੀਜਨਲ ਪੁਲਿਸ ਸਟਾਫ ਸਾਰਜੈਂਟ ਐਂਡਰਿਊ ਬੈੱਲ ਨੇ ਦੱਸਿਆ ਕਿ ਜਹਾਜ਼ ਵਿੱਚ ਦੋ ਵਿਅਕਤੀ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਵਿਦਿਆਰਥੀ ਤੇ ਇੱਕ ਅਧਿਆਪਕ ਸੀ। ਉਨ੍ਹਾਂ ਦੱਸਿਆ ਕਿ ਦੋਵਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਟੇਕਆਫ ਕਰਦੇ ਸਮੇਂ ਜਹਾਜ਼ ਵਿੱਚ ਥੋੜ੍ਹੀ ਗੜਬੜੀ ਲੱਗ ਰਹੀ ਸੀ ਤੇ ਉਨ੍ਹਾਂ ਨੂੰ ਉਡਾਨ ਭਰਦੇ ਸਾਰ ਹੀ ਜਹਾਜ਼ ਨੂੰ ਹੇਠਾਂ ਉਤਾਰਨਾ ਪਿਆ। ਇਹ ਜਹਾਜ਼ ਚਾਰ ਸੀਟਾਂ ਵਾਲਾ ਸੈਸਨਾ ਜਹਾਜ਼ ਸੀ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਜਾਣਕਾਰੀ ਟਰਾਂਸਪੋਰਟ ਕੈਨੇਡਾ ਨੂੰ ਸੌਂਪ ਦਿੱਤੀ ਗਈ ਹੈ।



## ਡੂਇੰਗ ਬਿਜ਼ਨਿਸ ਦੀ ਰਿਪੋਰਟ ਨੂੰ ਵਿਸ਼ਵ ਬੈਂਕ ਨੇ ਰੋਕ ਲਿਆ

ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਡੂਇੰਗ ਬਿਜ਼ਨਿਸ ਦੀ ਰਿਪੋਰਟ ਦੇ ਛਪਣ ਉੱਤੇ ਵਿਸ਼ਵ ਬੈਂਕ ਨੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ। ਵਿਸ਼ਵ ਬੈਂਕ ਨੂੰ ਸ਼ੱਕ ਹੈ ਕਿ ਕਈ ਦੇਸ਼ਾਂ ਵੱਲੋਂ ਦਿੱਤੇ ਅੰਕੜਿਆਂ ਨਾਲ ਛੇੜਛਾੜ ਕੀਤੀ ਗਈ ਹੈ ਅਤੇ ਉਸ ਨੂੰ ਬਦਲਿਆ ਹੈ। ਬੈਂਕ ਇਸ ਅਨਿਯਮਿਤਤਾ ਦੀ ਜਾਂਚ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਅੰਕੜਿਆਂ ਨਾਲ ਖਿਲਵਾੜ ਕਰਨ ਵਾਲੇ ਦੇਸ਼ਾਂ ਵਿੱਚ ਚੀਨ ਦਾ ਨਾਮ ਪ੍ਰਮੁਖ ਹੈ। ਚੀਨ ਦੇ ਨਾਲ ਆਜ਼ਰਬਾਈਜਾਨ, ਯੂ ਏ ਆਈ ਅਤੇ ਸਊਦੀ ਅਰਬ ਨੂੰ ਅੰਕੜਿਆਂ ਦੀ ਅਨਿਯਮਿਤਤਾ ਕਰਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਦੱਸਿਆ ਜਾਂਦਾ ਹੈ। ਇਸ ਤੋਂ ਦੋ ਸਾਲ ਪਹਿਲਾਂ ਵੀ ਈਜ਼ ਆਫ ਡੂਇੰਗ ਬਿਜ਼ਨਿਸ ਦੀ ਰਿਪੋਰਟ 'ਤੇ ਵਿਸ਼ਵ ਬੈਂਕ ਦੇ ਅਰਥ ਸ਼ਾਸਤਰੀ ਨੇ ਸਵਾਲ ਉਠਾਇਆ ਤੇ ਇਸ ਵਿੱਚ ਹੇਰਾਫੇਰੀ ਦਾ ਦੋਸ਼ ਲਾਇਆ ਸੀ। ਸਾਲ 2019 ਤੋਂ 2020 ਵਿੱਚ ਈਜ਼ ਆਫ ਡੂਇੰਗ ਬਿਜ਼ਨਿਸ ਵਿੱਚ ਚੀਨ ਦੀ ਰੈਂਕਿੰਗ 46 ਤੋਂ ਚੜ੍ਹਦੀ ਹੋਈ 31 ਹੋ ਗਈ ਹੈ। ਵਿਸ਼ਵ ਬੈਂਕ ਮੁਤਾਬਕ ਡੂਇੰਗ ਬਿਜ਼ਨਿਸ 2018 ਅਤੇ 2020 ਦੀ ਰਿਪੋਰਟ ਵਿੱਚ ਅੰਕੜਿਆਂ ਨਾਲ ਅਨਿਯਮਿਤਤਾ ਤੇ ਹੇਰਾਫੇਰੀ ਦੀ ਗੱਲਬਾਤ ਨਿਕਲ ਕੇ ਆ ਰਹੀ ਹੈ। ਬੈਂਕ ਨੇ ਕਿਹਾ ਕਿ ਸਾਡੇ ਅੰਡੜਿਆਂ ਦੀ ਭਰੋਸੇਯੋਗਤਾ, ਨਿਰਪੱਖਤਾ ਤੇ ਉਸਦਾ ਸਟੀਕ ਵਿਸ਼ਲੇਸ਼ਣ ਸਾਡੇ ਲਈ ਸਰਬ ਉੱਚ ਮਹੱਤਵ ਰੱਖਦਾ ਹੈ।

# ਦੁਨੀਆਂ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਢਾਈ ਕਰੋੜ ਟੱਪੀ

* ਭਾਰਤ ਮੌਤਾਂ ਵਿੱਚ ਮੈਕਸੀਕੋ ਨੂੰ ਟੱਪ ਕੇ ਤੀਜੀ ਥਾਂ ਪੁੱਜ ਗਿਆ * ਪੰਜਾਬ ਵਿੱਚ 24 ਘੰਟਿਆਂ ਵਿੱਚ ਸਭ ਤੋਂ ਵੱਧ 56 ਮੌਤਾਂ

ਲੰਡਨ, 31 ਅਗਸਤ, (ਪੋਸਟ ਬਿਊਰੋ)-ਦੁਨੀਆ ਵਿਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਢਾਈ ਕਰੋੜ ਤੋਂਉੱਪਰ ਚਲੇ ਗਈ ਅਤੇ ਅੱਠ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਅਮਰੀਕਾ ਇਸ ਮਹਾਮਾਰੀ ਨਾਲ ਸਭ ਤੋਂਵੱਧ ਪ੍ਰਭਾਵਿਤ ਹੈ।ਭਾਰਤ ਵਿੱਚ ਸੋਮਵਾਰ ਦੀ ਸਵੇਰ ਹੋਣ ਤੱਕਅਮਰੀਕਾ ਵਿੱਚਕੇਸਾਂ ਦੀ ਗਿਣਤੀ 61 ਲੱਖ ਤੋਂ ਟੱਪ ਗਈ ਅਤੇ ਮੌਤਾਂ ਦੀ ਗਿਣਤੀ1,87,193 ਹੋ ਚੁੱਕੀ ਹੈ। ਦੂਜੇ ਨੰਬਰ ਉੱਤੇ ਬ੍ਰਾਜ਼ੀਲ ਵਿੱਚ ਸਾਢੇ 38 ਲੱਖ ਤੋਂ ਵੱਧ ਕੇਸ ਅਤੇ ਇੱਕ ਲੱਖ ਵੀਹ ਹਜ਼ਾਰ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਇਸ ਦੌਰਾਨ ਕੇਸਾਂ ਦੇ ਪੱਖ ਤੋਂ ਤੀਸਰੇ ਥਾਂ ਪਹੁੰਚਾ ਭਾਰਤ ਮੌਤਾਂ ਦੇ ਪੱਖ ਤੋਂ ਵੀ ਮੈਕਸੀਕੋ ਤੋਂ ਅੱਗੇ ਲੰਘ ਗਿਆ ਹੈ। ਭਾਰਤ ਵਿੱਚ 64,617 ਅਤੇ ਮੈਕਸੀਕੋ ਵਿੱਚ 63,819 ਮੌਤਾਂ ਹੋ ਚੁੱਕੀਆਂ ਹਨ।

ਇਸ ਦੌਰਾਨ ਅਮਰੀਕਾ ਤੋਂ ਖਬਰ ਹੈ ਕਿ ਬਹੁਤ ਸਾਰੇ ਅਮਰੀਕੀ ਰਾਜਾਂ ਨੇ ਕੋਰੋਨਾ ਟੈਸਟਿੰਗ ਬਾਰੇ ਟਰੰਪ ਸਰਕਾਰਦੀਆਂ ਗਾਈਡਲਾਈਨ ਨੂੰ ਮੰਨਣ ਤੋਂਨਾਂਹ ਕਰ ਦਿੱਤੀ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ(ਸੀ ਡੀ ਸੀ) ਦੀਆਂ ਗਾਈਡਲਾਈਨਜ਼ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਲੋਕਾਂ ਦਾ ਟੈਸਟ ਕਰਨਾ ਗ਼ੈਰ-ਜ਼ਰੂਰੀ ਹੋ ਸਕਦਾ ਹੈ ਜਿਨ੍ਹਾਂ ਵਿਚ ਕੋਰੋਨਾ ਦੇ ਲੱਛਣ ਨਹੀਂਜਾਪਦੇ। ਅਮਰੀਕਾ ਦੇ 33 ਸੂਬੇ ਇਸ ਨੂੰ ਮੰਨਣ ਤੋਂਨਾਂਹ ਕਰ ਚੁੱਕੇ ਹਨ ਤੇ 16 ਰਾਜਾਂ ਨੇ ਇਸ ਬਾਰੇ ਉੱਤੇ ਪੁੱਛੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਇੱਕ ਰਾਜ ਨੇ ਕਿਹਾ ਹੈ ਕਿ ਉਸ ਨੇ ਹਾਲੇ ਇਸਬਾਰੇ ਕੋਈ ਫ਼ੈਸਲਾ ਨਹੀਂ ਲਿਆ। ਦੂਸਰੇ ਪਾਸੇ ਸਿਹਤ ਮਾਹਿਰਾਂ ਨੇ ਰਿਪ-ਬਲਿਕਨ ਪਾਰਟੀ ਦੇ ਸੰਮੇਲਨ ਮੌਕੇ ਮਾਸਕ ਨਾ ਪਾਉਣ ਤੇ ਸਰੀਰਕ ਦੂਰੀ ਦਾ ਖ਼ਿਆਲ ਨਾ ਰੱਖਣ ਉੱਤੇਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ ਹੈ।

ਭਾਰਤ ਵਿੱਚ ਕੋਰੋਨਾ ਨਾਲ ਸਭ ਤੋਂ ਵੱਧ ਪ੍ਰਭਾਵਤ ਰਾਜ ਮਹਾਰਾਸ਼ਟਰ ਵਿੱਚ ਮੌਤਾਂ ਦੀ ਗਿਣਤੀ 24,103 ਹੋ ਗਈ ਤੇ ਦੂਸਰੇ ਥਾਂ ਚੱਲ ਰਹੇ ਤਾਮਿਲ ਨਾਡੂ ਵਿੱਚ ਇਹ ਗਿਣਤੀ 7137 ਹੋ ਚੁੱਕੀ ਹੈ। ਇਸ ਦੇ ਬਾਅਦ ਕਰਨਾਟਕ ਵਿੱਚ ਮੌਤਾਂ ਦੀ ਗਿਣਤੀ 5483, ਦਿੱਲੀ ਵਿੱਚ 4404, ਆਂਧਰਾ ਪ੍ਰਦੇਸ਼ ਵਿੱਚ 3796, ਉੱਤਰ ਪ੍ਰਦੇਸ਼ ਵਿੱਚ 3356, ਪੱਛਮੀ ਬੰਗਾਲ ਵਿੱਚ 3126 ਅਤੇ ਗੁਜਰਾਤ ਵਿੱਚ 2989 ਹੋ ਚੁੱਕੀ ਹੈ।

ਪੰਜਾਬ ਵਿੱਚ ਐਤਵਾਰ ਨੂੰ 1689 ਨਵੇਂ ਕੇਸ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ52526 ਹੋ ਗਈ ਹੈ, ਜਿਨ੍ਹਾਂ ਵਿੱਚੋਂ 35,747 ਮਰੀਜ਼ ਠੀਕ ਹੋ ਚੁੱਕੇ ਤੇ 15,375 ਇਲਾਜ ਅਧੀਨ ਹਨ। ਇਸ ਦੌਰਾਨ ਮੌਤਾਂ ਦੀ ਗਿਣਤੀ ਵਧ ਕੇ ਸਾਢੇ ਤੇਰਾਂ ਸੌ ਤੱਕ ਚਲੀ ਗਈ ਹੈ। ਸਭ ਤੋਂ ਵੱਧ ਨਵੇਂ ਕੇਸ ਲੁਧਿਆਣਾ ਤੋਂ 273 ਤੇ ਪਟਿਆਲਾ ਤੋਂ 188 ਮਿਲੇਹਨ। ਐਤਵਾਰਨੂੰ ਹੋਈਆਂ 56 ਮੌਤਾਂ ਵਿੱਚੋਂ15 ਲੁਧਿਆਣਾ, 8 ਪਟਿਆਲਾ, 7 ਜਲੰਧਰ, 5 ਸੰਗਰੂਰ, 4-4 ਬਠਿੰਡਾ ਅਤੇਕਪੂਰਥਲਾ, 3 ਅੰਮ੍ਰਿਤਸਰ, 2-2 ਫਤਿਹਗੜ੍ਹ ਸਾਹਿਬ ਅਤੇਹੁਸ਼ਿਆਰਪੁਰ ਅਤੇ 1-1 ਮੌਤ ਫਰੀਦਕੋਟ, ਮੁਕਤਸਰ, ਪਠਾਨਕੋਟ, ਫਿਰੋਜ਼ਪੁਰ, ਮੋਗਾ ਅਤੇ ਮੁਹਾਲੀ ਜ਼ਿਲੇ ਵਿੱਚ ਹੋਈ ਹੈ।




## ਕੈਪਟਨ ਨੇ ਸਕਾਲਰਸ਼ਿਪ ਘੁਟਾਲੇ ਦੀ ਜਾਂਚ ਲਈ ਹੁਕਮ ਕੀਤਾ

ਚੰਡੀਗੜ੍ਹ, 30 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਹੋਏ ਸਕਾਲਰਸ਼ਿਪ ਘੁਟਾਲੇ ਦੀ ਪੂਰੀ ਜਾਂਚ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਕਮ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਘੁਟਾਲੇ ਦਾ ਕੋਈ ਦੋਸ਼ੀ ਬਚਣ ਨਹੀਂ ਦਿੱਤਾ ਜਾਵੇਗਾ ਤੇ ਕਾਨੂੰਨ ਅਨੁਸਾਰ ਸਜ਼ਾ ਦਿਵਾਈ ਜਾਵੇਗੀ। ਉਨ੍ਹਾਂ ਨੇ ਅੱਜ ਸ਼ਨਿਚਰਵਾਰ ਨੂੰ ਚੀਫ ਸੈਕਟਰੀ ਨੂੰ ਇਸ ਕੇਸ ਦੀ ਜਾਂਚ ਕਰਾਉਣ ਦਾ ਹੁਕਮ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੀਫ ਸੈਕਟਰੀ ਵਿਨੀ ਮਹਾਜਨ ਇਸ ਕੇਸ ਦੇ ਸਾਰੇ ਪੱਖਾਂ ਉੱਤੇ ਵਿਚਾਰ ਕਰਨਗੇ ਅਤੇ ਜੋ ਕੋਈ ਇਸ ਵਿੱਚ ਸ਼ਾਮਲ ਨਿਕਲਿਆ, ਕਾਨੂੰਨ ਅਨੁਸਾਰ ਉਸ ਨੂੰ ਜੁਰਮਾਨਾ ਅਤੇ ਸਜ਼ਾ ਦਿਵਾਈ ਜਾਵੇਗੀ ਅਤੇ ਕਾਨੂੰਨ ਆਪਣਾ ਰਸਤਾ ਆਪ ਅਪਣਾਏਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
DUNDAS·JAFINE
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫ਼ਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShetGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





## ਅੱਜ ਨਾਮਾ

ਪਿੰਡਾਂ ਵਿੱਚ ਅਫਵਾਹਾਂ ਨੇ ਜ਼ੋਰ ਪਾਇਆ,
ਜਨਤਾ ਡਾਂਗਾਂ ਨੂੰ ਚੁੱਕੀ ਆ ਖੜੀ ਮੀਆਂ।
ਕੋਰੋਨਾ ਬਾਰੇ ਕੁਝ ਫੈਲ ਗਏ ਭਰਮ ਚੋਖੇ,
ਦਹਿਸ਼ਤ ਨਵੀਂ ਹੈ ਜਾਪਦੀ ਬੜੀ ਮੀਆਂ।
ਆਉਂਦੇ ਸਿਹਤ ਵਿਭਾਗ ਦੇ ਲੋਕ ਪਿੰਡੀਂ,
ਜਾਂਦੇ ਲੋਕ ਹਨ ਉਨ੍ਹਾਂ ਨਾਲ ਲੜੀ ਮੀਆਂ।
ਦੇਂਦੇ ਟੈੱਸਟ ਕੋਈ ਇੱਕ ਨਾ ਕਰਨ ਲੋਕੀਂ,
ਹਰ ਥਾਂ ਚੱਲਦੀ ਏਹੋ ਜਿਹੀ ਅੜੀ ਮੀਆਂ।
ਲਾ ਗਿਆ ਕੋਈ ਚੁਆਤੀ ਹੈ ਭਰਮ ਵਾਲੀ,
ਕਰਦੀ ਭਰਮ ਸਰਕਾਰ ਨਹੀਂ ਦੂਰ ਮੀਆਂ।
ਹੁੰਦੀ ਬੇਇੱਜ਼ਤੀ ਸਿਹਤ ਦੇ ਕਾਮਿਆਂ ਦੀ,
ਕਰਿਆ ਜਿਨ੍ਹਾਂ ਨਹੀਂ ਕੋਈ ਕਸੂਰ ਮੀਆਂ।

**ਤੀਸ ਮਾਰ ਖਾਂ**

# ਅਮਰੀਕਾ ਵਿੱਚ ਟਰੰਪ ਦੇ ਸਮਰਥਕ ਤੇ ਵਿਰੋਧੀ ਆਪੋ ਵਿੱਚ ਭਿੜੇ, ਇਕ ਮੌਤ

ਪੋਰਟਲੈਂਡ, 30 ਅਗਸਤ, (ਪੋਸਟ ਬਿਊਰੋ)-ਅਮਰੀਕਾ ਦੇ ਓਰੇਗਾਨਰਾਜ ਦੇ ਸਭ ਤੋਂ ਵੱਡੇ ਸ਼ਹਿਰ ਪੋਰਟਲੈਂਡ ਵਿਚ ਕੱਲ੍ਹ ਸ਼ਨਿਚਰਵਾਰ ਰਾਤ ਨਸਲਵਾਦ ਵਿਰੋਧੀ ਪ੍ਰਦਰਸ਼ਨ ਕਰਨ ਵਾਲੇ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਲੋਕ ਆਪੋ ਵਿਚ ਭਿੜ ਗਏ। ਇਸ ਮੌਕੇ ਹੋਈ ਫਾਇਰਿੰਗ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਇਸ ਝੜਪ ਵਿੱਚ ਫਾਇਰਿੰਗ ਬਾਰੇ ਸਾਫ ਕੁਝ ਨਹੀਂ ਕਹਿੰਦੀ, ਪ੍ਰੰਤੂ ਇਕ ਫਰੀਲਾਂਸਰ ਫੋਟੋਗ੍ਰਾਫਰ ਨੇ ਤਿੰਨ ਗੋ਼ਲੀਆਂ ਦੀ ਆਵਾਜ਼ ਸੁਣਨ ਦਾ ਦਾਅਵਾ ਕੀਤਾ ਹੈ। ਉਸ ਨੇ ਪੁਲਿਸ ਵੱਲੋਂ ਇਕ ਵਿਅਕਤੀ ਨੂੰ ਚੁੱਕ ਕੇ ਲਿਜਾਣ ਦੀ ਗੱਲ ਵੀ ਕਹੀ ਹੈ। ਕਿਹਾ ਜਾ ਰਿਹਾ ਹੈ ਕਿ ਜਿਸ ਵਿਅਕਤੀ ਦੀ ਮੌਤ ਹੋਈ, ਉਹ ਵਾਈਟ ਭਾਈਚਾਰੇ ਨਾਲ ਸਬੰਧ ਰੱਖਦਾ ਹੈ।

ਪੋਰਟਲੈਂਡ ਪੁਲਿਸ ਬਿਊਰੋ ਨੇ ਬਿਆਨ ਜਾਰੀ ਕੀਤਾ ਹੈ ਕਿ ਪੁਲਿਸ ਨੇ ਸਾਊਥ ਈਸਟ ਥਰਡ ਐਵੇਨਿਊ ਤੇ ਸਾਊਥ ਵੈਸਟ ਐਲਡਰ ਸਟਰੀਟ ਦੇ ਖੇਤਰ ਤੋਂ ਫਾਇਰਿੰਗ ਦੀ ਆਵਾਜ਼ ਸੁਣੀ ਅਤੇ ਜਦੋਂ ਮੌਕੇ ਉੱਤੇ ਪੁੱਜੇ ਸਨ ਤਾਂ ਇਕ ਜ਼ਖ਼ਮੀ ਵਿਅਕਤੀ ਮਿਲਿਆ ਸੀ, ਜਿਸ ਦੀ ਛਾਤੀ ਵਿਚ ਗੋ਼ਲੀ ਲੱਗੀ ਸੀ। ਪੁਲਿਸ ਮੁਲਾਜ਼ਮਉਸ ਨੂੰ ਲੈ ਕੇ ਹਸਪਤਾਲ ਗਏ ਪ੍ਰੰਤੂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਸੀ।



ਵਰਨਣ ਯੋਗ ਹੈ ਕਿ ਪੁਲਿਸ ਹਿਰਾਸਤ ਵਿਚ ਗੈਰ-ਗੋਰੇ ਵਿਅਕਤੀ ਜਾਰਜ ਫਲਾਇਡ ਦੀ ਮੌਤ ਮਗਰੋਂ ਪੋਰਟਲੈਂਡ ਵਿਚ ਤਿੰਨ ਮਹੀਨੇ ਤੋਂਵੱਧ ਪ੍ਰਦਰਸ਼ਨ ਹੋਏ ਸਨ। ਇਸ ਵਿੱਚ ਭੰਨਤੋੜ ਤੇ ਹਿੰਸਾ ਦੀਆਂ ਘਟਨਾਵਾਂ ਵੀ ਹੋਈਆਂ ਸਨ। ਕੱਲ੍ਹ ਟਰੰਪ ਸਮਰਥਕਾਂ ਦਾ 600 ਵਾਹਨਾਂ ਦਾ ਕਾਫ਼ਲਾ ਯੋਜਨਾਬੱਧ ਢੰਗ ਨਾਲ ਪੋਰਟਲੈਂਡ ਦੇ ਇੱਕ ਉਪ-ਨਗਰ ਵਿਚ ਵੜਿਆ ਤਾਂ ਨਸਲਵਾਦ ਵਿਰੋਧੀ ਪ੍ਰਦਰਸ਼ਨ ਕਰਨ ਵਾਲਿਆਂ ਨੇ ਟਰੰਪ ਸਮਰਥਕਾਂ ਨੂੰ ਆਵਾਜਾਈ ਰੋਕਣ ਤੋਂ ਮਨ੍ਹਾ ਕੀਤਾ। ਇਸ ਦੇ ਬਾਅਦ ਦੋਵਾਂ ਧੜਿਆਂ ਦੀ ਝੜਪ ਹੋ ਗਈ। ਦੱਸਿਆ ਗਿਆ ਹੈ ਕਿ ਟਰੰਪ ਦੇ ਸਮਰਥਕਾਂ ਦਾ ਕਾਫ਼ਲਾ ਪੁੱਜਣ ਦੇ ਕਾਫ਼ੀ ਦੇਰ ਬਾਅਦ ਲਗਪਗ 9 ਵਜੇ ਫਾਇਰਿੰਗ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਸਨ।

# ਕੋਵਿਡ-19 ਬਾਰੇ ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਕਾਰਵਾਈ ਸ਼ੁਰੂ

## * ਮਾਨਸਾ ਦੇ ਥਾਣਾ ਜੌੜਕੀਆਂ ਵਿਖੇ ਪਹਿਲਾ ਮੁਕੱਦਮਾ ਦਰਜ

ਮਾਨਸਾ, 30 ਅਗਸਤ, (ਪੋਸਟ ਬਿਊਰੋ)-ਕੋਰੋਨਾ ਵਾਇਰਸ ਦੀ ਬਿਮਾਰੀ ਬਾਰੇ ਅੱਜਕੱਲ੍ਹ ਪੰਜਾਬ ਵਿੱਚ ਸ਼ਰਾਰਤੀ ਸੋਚ ਦੇ ਲੋਕਾਂ ਵੱਲੋਂ ਲਗਾਤਾਰ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਤੇ ਕੁਝ ਥਾਂਈਂ ਸਿਹਤ ਵਿਭਾਗ ਦੀਆਂ ਟੀਮਾਂ ਦਾ ਵਿਰੋਧ ਕਰਦਿਆਂ ਉਨ੍ਹਾਂ ਦੀ ਬੇਇੱਜ਼ਤੀ ਵੀ ਕੀਤੀ ਗਈ ਹੈ। ਇਸ ਬਾਰੇ ਰਾਜ ਸਰਕਾਰ ਨੇ ਸਖਤੀ ਸ਼ੁਰੂ ਕੀਤੀਅਤੇ ਅੱਜ ਪੰਜਾਬ ਵਿੱਚ ਇਸ ਵਿਹਾਰ ਦੇ ਵਿਰੁੱਧ ਪਹਿਲਾ ਕੇਸ ਮਾਨਸਾ ਅਤੇ ਇੱਕ ਹੋਰ ਬਟਾਲਾ ਪੁਲਸ ਜ਼ਿਲੇ ਵਿੱਚ ਦਰਜ ਕਰਨ ਦੀ ਖਬਰ ਆਈ ਹੈ, ਤਾਂ ਕਿ ਅਫਵਾਹਾਂ ਨੂੰ ਹੋਰ ਫੈਲਣ ਤੋਂ ਰੋਕਿਆ ਜਾ ਸਕੇ।

ਜ਼ਿਲਾ ਮਾਨਸਾ ਦੇ ਐੱਸ ਐੱਸ ਪੀ ਸੁਰੇਂ-ਦਰ ਲਾਂਬਾ ਦੇ ਮੁਤਾਬਕ ਰਮਨ ਸਿੰਘ ਪੁੱਤਰ ਰਣਧੀਰ ਸਿੰਘ ਵਾਸੀ ਨੰਗਲਾ, ਤਹਿਸੀਲ ਤਲਵੰਡੀ ਸਾਬੋ, ਬਠਿੰਡਾ (ਉਮਰ ਕਰੀਬ 23 ਸਾਲ) ਵੱਲੋਂ ਥਾਣਾ ਜੌੜਕੀਆਂ ਦੇ ਪਿੰਡਾਂ ਵਿੱਚ ਵਾਟਸਐਪ ਉੱਤੇ ਟਾਈਪ ਕੀਤੇ ਮੈਸੇਜਰਾਹੀਂ ਕੋਰੋਨਾ ਦੀ ਬਿਮਾਰੀ ਬਾਰੇ ਲੋਕਾਂ ਵਿੱਚ ਗਲਤ ਅਫ਼ਵਾਹ ਫੈਲਾ ਕੇ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਸੀ ਕਿ ਪਿੰਡਾਂ ਦੇ ਗੁਰੂ-ਘਰਾਂ ਵਿੱਚ ਬੇਨਤੀ ਕੀਤੀ ਜਾਵੇ ਕਿ ਜੇ ਕਿਸੇ ਪਿੰਡ ਦੇ ਵਿਅਕਤੀ ਨੂੰ ਕੋਰੋਨਾ ਪਾਜ਼ਿਟਿਵ ਦੱਸਦੇ ਹਨ ਤਾਂ ਉਸ ਦੀ ਪਿੰਡ ਵਿੱਚ ਵੱਖਰੀ ਥਾਂਦੇਖਭਾਲ ਕਰੋ।ਐੱਸ ਐੱਸ ਪੀ ਨੇ ਦੱਸਿਆ ਕਿ ਅਫ਼ਵਾਹ ਫੈਲਾਉਣ ਵਾਲੇ ਨੌਜਵਾਨ ਨੇ ਮੈਸੇਜ ਨਾਲ ਲੋਕਾਂ ਵਿੱਚ ਡਰ ਪੈਦਾ ਕੀਤਾ ਕਿ ਪਹਿਲਾਂ ਡਰ ਸੀ ਕਿ 50-60 ਸਾਲ ਦੀ ਉਮਰ ਵਾਲਿਆਂ ਨੂੰ, ਪਰਅੱਜ ਸਰਕਾਰ 18 ਤੋਂ 30 ਸਾਲ ਦੇ ਨੌਜਵਾਨ ਨੂੰ ਚੁੱਕ ਕੇ ਸਰੀਰ ਦੇ ਅੰਗ ਕੱਢ ਕੇ ਵੇਚਦੀ ਹੈ, ਮੋਟਰਸਾਈਕਲ ਉੱਤੇ ਘਰੋਂ ਜਾਣਾ ਬੰਦ ਕਰ ਦਿਓ,ਕਿਉਂਕਿ ਸਰਕਾਰ ਦੇ ਕਹਿਣ ਉੱਤੇ ਪਿੰਡਾਂ ਦੀਆਂ ਆਸ਼ਾ ਵਰਕਰਾਂ ਨੇ ਹਰ ਪਿੰਡੋਂ 2 ਮਰੀਜ਼ ਦੇਣੇ ਹਨ, ਆਸ਼ਾ ਵਰਕਰ ਨਾਲ ਜਾ ਕੇ ਸਰਕਾਰੀ ਹਸਪਤਾਲ ਵਿੱਚ ਦਾਖਲ ਨਾ ਹੋਣਾ, ਫਿਰ ਨਾ ਕਹਿਣਾ ਕਿ ਸਾਡੇ ਮਰੀਜ਼ ਦੀ ਲਾਸ਼ ਨਹੀਂ ਮਿਲੀ, ਆਪਣੇ ਹਰ ਸਾਕ ਸਬੰਧੀ, ਰਿਸ਼ਤੇਦਾਰ, ਦੋਸਤ ਨੂੰ ਸੂਚਿਤ ਕਰੋ ਕਿ 108 ਐਂਬੂਲੈਂਸ ਤੋਂ ਵੱਧ ਤੋਂ ਵੱਧ ਦੂਰੀ ਬਣਾ ਕੇ ਰੱਖੋ।ਸੁਰੇਂ-ਦਰ ਲਾਂਬਾ ਨੇ ਦੱਸਿਆ ਕਿ ਲੋਕਾਂ ਵਿੱਚ ਝੂਠੇ ਮੈਸੇਜ ਨਾਲਸਹਿਮ ਫੈਲਾ ਰਹੇ ਰਮਨ ਸਿੰਘ ਦੇ ਖਿਲਾਫ਼ ਧਾਰਾ 54 ਡਿਜਾਸਟਰ ਮੈਨੇਜਮੈਂਟ ਐਕਟ 2005, 505(1)ਬੀ, ਆਈ ਪੀਸੀ, 66 ਏ ਆਈ ਟੀ ਐਕਟ ਹੇਠ ਜੌੜਕੀਆਂ ਥਾਣਾ ਵਿੱਚ ਕੇਸ ਦਰਜ ਕੀਤਾ ਹੈ, ਪਰ ਹਾਲੇ ਉਸ ਦੀ ਗ੍ਰਿਫ਼ਤਾਰੀ ਨਹੀਂ ਹੋਈ।ਐੱਸ ਐੱਸ ਪੀ ਸੁਰੇਂਦਰ ਲਾਂਬਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਰੋਨਾ ਦੀ ਮਹਾਂਮਾਰੀ ਬਾਰੇ ਜਾਅਲੀ ਜਾਂ ਅਣ-ਪ੍ਰਮਾਣਿਤ ਖ਼ਬਰਾਂ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੇ ਕੋਵਿਡ ਦੇ ਕੇਸਾਂ ਨੂੰ ਹਸਪਤਾਲ ਵਿੱਚ ਲਿਜਾ ਕੇ ਟੀਚਾ ਪੂਰਾ ਕਰਨਾ ਜਾਂ ਮਰੀਜ਼ਾਂ ਦੇ ਅੰਗ ਕੱਢੇ ਜਾਂਦੇ ਹਨ ਜਾਂ ਸਿਹਤ ਕਰਮਚਾਰੀ ਮਰੀਜ਼ਾਂ ਨਾਲ ਦੁਰ-ਵਿਹਾਰ ਕਰ ਰਹੇ ਹਨ, ਦੀ ਅਫ਼ਵਾਹ ਨਾ ਫੈਲਾਈ ਜਾਵੇ।



ਓਧਰ ਬਟਾਲਾ ਪੁਲਸ ਜ਼ਿਲੇ ਤੋਂ ਖਬਰ ਹੈ ਕਿ ਇਸ ਤਰ੍ਹਾਂ ਅਫਵਾਹ ਫੈਲਾਉਣ ਵਾਲੇ ਇੱਕ ਵਿਅਕਤੀ ਦੇ ਖਿਲਾਫ ਇੱਕ ਕੇਸ ਦਰਜ ਕੀਤਾ ਗਿਆ ਹੈ ਅਤੇ ਪਟਿਆਲਾ ਵਿੱਚ ਇੱਕ ਜਾਅਲੀ ਪੱਤਰਕਾਰ ਇੱਕ ਡਾਕਟਰ ਨੂੰ ਇਸ ਬਿਮਾਰੀ ਦੇ ਬਹਾਨੇ ਨਾਲ ਬਲੈਕਮੇਲ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ।

# ਮੱਧ ਪ੍ਰਦੇਸ਼ ਵਿੱਚ ਛੱਤ ਉੱਤੇ ਪਾਕਿਸਤਾਨੀ ਝੰਡਾ, ਮਕਾਨ ਮਾਲਿਕ ਦੇ ਖਿਲਾਫ ਕੇਸ ਦਰਜ



ਭੋਪਾਲ, 30 ਅਗਸਤ, (ਪੋਸਟ ਬਿਊਰੋ)-ਮੱਧ ਪ੍ਰਦੇਸ਼ ਵਿੱਚ ਇੱਕ ਹੈਰਾਨੀ ਵਾਲੀ ਘਟਨਾ ਵਾਪਰੀ ਹੈ। ਦੱਸਿਆ ਗਿਆ ਹੈ ਕਿ ਮੱਧ ਪ੍ਰਦੇਸ਼ ਦੇ ਦੇਵਾਸ ਨੇੜੇ ਇੱਕ ਘਰ ਉੱਤੇ ਪਾਕਿਸਤਾਨੀ ਝੰਡਾ ਲਹਿਰਾਇਆ ਗਿਆ ਹੈ। ਇਸ ਤੋਂ ਬਾਅਦ ਪੁਲਸ ਨੇ ਕੇਸ ਦਰਜ ਕਰ ਕੇ ਮਕਾਨ ਮਾਲਿਕ ਨੂੰ ਗ੍ਰਿਫਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਮੱਧ ਪ੍ਰਦੇਸ਼ ਦੇ ਦੇਵਾਸ ਦੇ ਨੇੜੇ ਸ਼ਿਪ੍ਰਾ ਵਿੱਚ ਇੱਕ ਮਕਾਨ ਦੀ ਛੱਤ ਉੱਤੇ ਪਾਕਿਸਤਾਨ ਦਾ ਝੰਡਾ ਲਾਇਆ ਗਿਆ ਹੈ। ਇਸ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਪ੍ਰਸ਼ਾਸਨ ਵਿੱਚ ਭਾਜੜ ਮੱਚ ਗਈ ਅਤੇ ਛੇਤੀ ਹੀ ਪ੍ਰਸ਼ਾਸਕੀ ਅਧਿਕਾਰੀ ਮੌਕੇ ਉੱਤੇਜਾ ਪੁੱਜੇ। ਫਿਰ ਪੁਲਸ ਟੀਮ ਨੇ ਮੌਕੇ ਦਾ ਕੇਸ ਬਣਾਇਆ ਤੇ ਇਸ ਬਾਰੇ ਉਦਯੋਗਿਕ ਖੇਤਰ ਥਾਣੇ ਵਿੱਚ ਮਕਾਨ ਮਾਲਿਕ ਦੇ ਖਿਲਾਫ ਪਰਚਾ ਦਰਜ ਕਰ ਲਿਆ ਹੈ। ਮਕਾਨ ਮਾਲਿਕ ਦਾ ਨਾਮ ਫਾਰੁਖ ਖਾਂ ਹੈ। ਉਸ ਦੇ ਖਿਲਾਫ ਪੁਲਸ ਨੇ ਧਾਰਾ 153-ਏ ਦਾਕੇਸ ਦਰਜ ਕੀਤਾਹੈ। ਅਮਨ ਭੰਗ ਹੋਣ ਦੀ ਸੰਭਾਵਨਾ ਹੋਣ ਕਾਰਨ ਪੁਲਸ ਨੇ ਝੰਡਾ ਜ਼ਬਤ ਕਰ ਲਿਆ ਹੈ। ਪਤਾ ਲੱਗਾ ਹੈ ਕਿ ਝੰਡਾ ਫਾਰੁਖ ਖਾਂ ਦੇ ਬੇਟੇ ਨੇ ਲਾਇਆ ਸੀ। ਪੁਲਸ ਦੋਸ਼ੀ ਤੋਂ ਪੁੱਛਗਿੱਛ ਕਰ ਰਹੀ ਹੈ ਕਿ ਇਹ ਝੰਡਾ ਕਿਵੇਂ ਅਤੇ ਕਿੱਥੋਂ ਆਇਆ ਅਤੇ ਕੌਣ ਲਿਆਇਆ ਸੀ।

# ਰੂਸ ਦੇ ਸੁਖੋਈ ਜਹਾਜ਼ ਨੇ ਅਮਰੀਕਾ ਦਾ ਐਟਮੀ ਬੰਬਾਰ ਬੀ-53 ਜਾ ਘੇਰਿਆ

## * ਕਾਲਾ ਸਾਗਰ ਖੇਤਰ ਵਿੱਚ ਤਨਾਅ ਵਧਣ ਦਾ ਡਰ



ਲੰਡਨ, 30 ਅਗਸਤ, (ਪੋਸਟ ਬਿਊਰੋ)-ਰੂਸ ਦੇ ਸੁਖੋਈ-27 ਲੜਾਕੂ ਜਹਾਜ ਨੇ ਇਸ ਸ਼ੁੱਕਰਵਾਰ ਨੂੰ ਪੂਰਬੀ ਯੂਰਪ ਦੇ ਨੇੜੇ ਕਾਲਾ ਸਾਗਰ ਦੇ ਉੱਤੇ ਅਮਰੀਕਾ ਦੇਐਟਮੀ ਬੰਬਾਰ ਜਹਾਜ਼ ਬੀ-52 ਨੂੰ ਬਹੁਤ ਖਤਰਨਾਕ ਢੰਗ ਨਾਲ ਘੇਰ ਲਿਆ। ਇਸ ਨਾਲ ਨਾਟੋ ਦੇਸ਼ਾਂ ਵਿਚ ਹਫੜਾ-ਦਫੜੀ ਮੱਚ ਗਈ। ਰੂਸ ਦੀ ਕਾਰਵਾਈ ਵੇਲੇ ਅਮਰੀਕੀ ਬੰਬਾਰ ਜਹਾਜ਼ ਨੇ ਬ੍ਰਿਟੇਨ ਤੋਂ ਉਡਾਣ ਭਰੀ ਸੀ ਅਤੇ ਕਾਲਾ ਸਾਗਰ ਦੇ ਉੱਪਰ ਉਡਾਰੀਆਂ ਲਾ ਰਿਹਾ ਸੀ।

ਇਸ ਤੋਂ ਪਹਿਲਾਂ ਨਾਟੋ ਦੇਸ਼ਾਂ ਦੀ ਅਗਵਾਈ ਕਰਨ ਵਾਲੇ ਅਮਰੀਕਾ ਨੇ ਰੂਸ ਨਾਲ ਵਧਦੇ ਤਣਾਅ ਕਾਰਨ ਬ੍ਰਿਟੇਨ ਵਿਚ ਆਪਣੇ ਛੇ ਬੀ-52 ਐਟਮੀ ਬੰਬਾਰਾਂ ਨੂੰ ਤਾਇਨਾਤ ਕੀਤਾ ਸੀ। ਇਨ੍ਹਾ ਵਿਚੋਂ ਇਕ ਐਟਮੀ ਬੰਬਾਰ ਨੇ ਪੂਰਬੀ ਯੂਰਪ ਅਤੇ ਕਾਲਾ ਸਾਗਰ ਦੇ ਉੱਪਰ ਉਡਾਣ ਭਰੀ ਤਾਂ ਰੂਸ ਦੇ ਸੁਖੋਈ-27 ਜਹਾਜ਼ ਨੇ ਉਸ ਨੂੰ ਬੜੇ ਖਤਰਨਾਕ ਢੰਗ ਨਾਲ ਘੇਰ ਲਿਆ।ਵੀਡੀਓ ਵਿਚ ਦਿੱਸਦਾ ਹੈ ਕਿ ਰੂਸੀ ਜਹਾਜ਼ ਅਮਰੀਕੀ ਜਹਾਜ਼ ਦੇ ਬਹੁਤ ਨੇੜੇ ਤੱਕ ਗਏ ਸਨ।ਇਸ ਦੇ ਬਾਅਦ ਉਹ ਅਮਰੀਕੀ ਜਹਾਜ਼ ਦੇ ਅੱਗੋਂ ਦੀ ਨਿਕਲੇ। ਇਕ ਹੋਰ ਵੀਡੀਓ ਕਲਿਪ ਵਿਚ ਦਿੱਸਦਾ ਹੈ ਕਿ ਰੂਸੀ ਜਹਾਜ਼ ਅਮਰੀਕੀ ਬੰਬਾਰ ਦੀ ਨੋਕ ਤੱਕ ਆ ਗਏ ਸਨ। ਪਤਾ ਲੱਗਾ ਹੈ ਕਿ ਰੂਸ ਦੇ ਜਹਾਜ਼ਾਂ ਨੇ ਕ੍ਰੀਮੀਆ ਤੋਂ ਉਡਾਣ ਭਰੀ ਸੀ। ਨਾਟੋ ਦੇ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਰੂਸ ਨੇ ਕ੍ਰੀਮੀਆ ਵਿਚ ਵੱਡੇ ਪੱਧਰ ਉੱਤੇਆਪਣੇ ਲੜਾਕੂ ਜਹਾਜ਼ ਲਿਆਂਦੇ ਹੋਏ ਹਨ। ਏਥੇ ਤਾਇਨਾਤ ਰੂਸੀ ਜਹਾਜ਼ਾਂ ਉੱਤੇ ਕਾਲਾ ਸਾਗਰ ਦੇ ਉੱਪਰ ਨਿਗਰਾਨੀ ਦੀ ਵੀ ਜ਼ਿੰਮੇਵਾਰੀ ਹੈ।

ਵਰਨਣ ਯੋਗ ਹੈ ਕਿ ਬੇਲਾਰੂਸ ਵਿਚ ਜਨਤਕ ਰੋਸ ਪ੍ਰਦਰਸ਼ਨਾਂ ਦੌਰਾਨ ਨਾਟੋ ਦੇਸ਼ਾਂ ਤੇ ਰੂਸ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਰੂਸ ਨੇ ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੈਂਕੋ ਨੂੰ ਸਮਰਥਨ ਦਿੱਤਾ ਹੈ ਅਤੇ ਨਾਟੋ ਦੇਸ਼ ਉਸ ਦਾ ਵਿਰੋਧ ਕਰ ਰਹੇ ਹਨ।ਕਰੀਬ 26 ਸਾਲ ਤੋਂ ਸੱਤਾ ਉੱਤੇ ਕਾਬਜ਼ ਬੇਲਾਰੂਸ ਦੇ ਰਾਸ਼ਟਰਪਤੀ ਨੇ ਦੋਸ਼ ਲਾਇਆ ਹੈ ਕਿ ਨਾਟੋ ਉਨ੍ਹਾਂ ਦੇ ਦੇਸ਼ ਦੀ ਵੰਡ ਕਰਨਾ ਅਤੇ ਉਨ੍ਹਾਂ ਨੂੰ ਸੱਤਾ ਤੋਂ ਹਟਾਉਣਾ ਚਾਹੁੰਦਾ ਹੈ। ਨਾਟੋ ਤੇ ਰੂਸ ਵਿਚ ਵਧਦੇ ਤਣਾਅ ਦੌਰਾਨ ਅਮਰੀਕਾ ਨੇ ਆਪਣੇ ਛੇ ਬੀ-52 ਬੰਬਾਰ ਜਹਾਜ਼ ਬ੍ਰਿਟੇਨ ਭੇਜੇ ਹਨ। ਇਹ ਜਹਾਜ਼ ਕਰੀਬ 120 ਮਿਜ਼ਾਈਲਾਂ ਨਾਲ ਲੈਸ ਹਨ ਅਤੇ ਇਨ੍ਹਾਂ ਵਿਚੋਂ ਕੁਝ ਐਟਮੀ ਹਥਿਆਰਾਂ ਵਾਲੇ ਹਨ।

# ਆਈ ਆਈ ਟੀ ਖੜਗਪੁਰ ਦੇ ਖੋਜਕਾਰਾਂ ਨੇ ਪੀੜ-ਰਹਿਤ ਟੀਕਾ ਬਣਾ ਲਿਆ

ਕੋਲਕਾਤਾ, 30 ਅਗਸਤ (ਪੋਸਟ ਬਿਊਰੋ)- ਆਈ ਆਈ ਟੀ ਖੜਗਪੁਰ ਦੇ ਖੋਜਕਾਰਾਂ ਨੇ ਇੱਕ ਸੂਖਮ ਸੂਈ ਬਣਾਈ ਹੈ ਜਿਸ ਦੀ ਮਦਦ ਨਾਲ ਰੋਗੀਆਂ ਵਿੱਚ ਦਵਾਈ ਨੂੰ ਬਿਨਾਂ ਦਰਦ ਦੇ ਇੰਜੈਕਟ ਕੀਤਾ ਜਾ ਸਕੇਗਾ।

ਵਰਨਣ ਯੋਗ ਹੈ ਕਿ ਸਾਰੇ ਮੈਡੀਕਲ ਸੰਸਥਾਨਾਂ ਵਿੱਚ ਕਾਫੀ ਲੰਬੀ ਸੂਈ ਵਾਲੇ ਇੰਜੈਕਸ਼ਨਾਂ ਨਾਲ ਦਵਾਈ ਸਰੀਰ ਵਿੱਚ ਇੰਜੈਕਟ ਕੀਤੀ ਜਾਂਦੀ ਹੈ, ਜੋ ਪੀੜਾ ਦਾਇਕ ਹੁੰਦੀ ਹੈ। ਇਹ ਸੂਖਮ ਸੂਈ 55 ਮਾਈਕ੍ਰੋਮੀਟਰ ਮੋਟੀ ਹੁੰਦੀ ਹੈ ਜਦ ਕਿ ਮਨੁੱਖ ਦੀ ਖੱਲ ਲੱਗਭਗ 50-70 ਮਾਈਕ੍ਰੋਮੀਟਰ ਮੋਟੀ ਹੁੰਦੀ ਹੈ। ਆਈ ਆਈ ਟੀ ਖੜਗਪੁਰ ਦੇ ਖੋਜਕਾਰਾਂ ਨੇ ਜੋ ਟੀਕਾ ਬਣਾਇਆ ਹੈ, ਉਹ ਏਦਾਂ ਦੇ ਦਰਦਨਾਕ ਇਲਾਜ ਤੋਂ ਰਾਹਤ ਦਿਵਾਉਣ ਵਿੱਚ ਮਦਦ ਕਰੇਗਾ। ਖੋਜਕਾਰਾਂ ਨੇ ਸੂਖਮ ਸੂਈ ਅਤੇ ਸੂਖਮ ਪੰਪ ਵਰਗੇ ਜੰਤਰ ਬਣਾਏ ਹਨ ਜੋ ਟ੍ਰਾਂਸ-ਡਰਮਲ ਡ੍ਰਗ ਡਿਲੀਵਰੀ ਸਿਸਟਮ ਦਾ ਹਿੱਸਾ ਹਨ। ਆਈ ਆਈ ਟੀ ਖੜਗਪੁਰ ਦੇ ਵਿਗਿਆਨੀਆਂ ਨੇ ਨਾ ਕੇਵਲ ਇਸ ਸੂਖਮ ਸੂਈ ਦੀ ਮੋਟਾਈ ਅਤੇ ਲੰਬਾਈ ਨੂੰ ਘੱਟ ਕੀਤਾ, ਸਗੋਂ ਇਸ ਨੂੰ ਬਹੁਤ ਮਜ਼ਬੂਤ ਵੀ ਬਣਾਇਆ ਹੈ ਤੇ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਲਾਉਂਦੇ ਸਮੇਂ ਨਹੀਂ ਟੁੱਟੇਗੀ। ਮੈਡੀਕਲ ਪ੍ਰੋਟੋਕੋਲ ਮੁਤਾਬਕ ਇਸ ਦਵਾਈ ਸਪਲਾਈ ਤੋਂ ਪਹਿਲਾਂ ਇਸ ਦਾ ਜਾਨ-ਵਰਾਂ 'ਤੇ ਸਫਲਤਾ ਪੂਰਕ ਪ੍ਰੀਖਣ ਕੀਤਾ ਗਿਆ ਹੈ।

# 43 ਕਰੋੜ ਦਾ ਸੋਨਾ : ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਸੋਨੇ ਦੇ 54 ਬਿਸਕਟ ਬਰਾਮਦ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਦੇ ਹੱਥ ਵੱਡੀ ਸਫਲਤਾ ਲੱਗੀ ਹੈ। ਇਸ ਨੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਅੱਠ ਯਾਤਰੀਆਂ ਨੂੰ 504 ਸੋਨੇ ਦੇ ਵਿਦੇਸ਼ੀ ਬਿਸਕੁਟਾਂ ਨਾਲ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਬਿਸਕੁਟਾਂ ਦਾ ਕੁੱਲ ਵਜ਼ਨ 83.621 ਕਿਲੋ ਬਣਦਾ ਹੈ ਅਤੇ ਇਨ੍ਹਾਂ ਦੀ ਕੀਮਤ ਕਰੀਬ 42.89 ਕਰੋੜ ਰੁਪਏ ਬਣਦੀ ਦੱਸੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਲੋਕਾਂ ਨੇ ਸੋਨੇ ਨੂੰ ਵਿਸ਼ੇਸ਼ ਤੌਰ 'ਤੇ ਬਣਾਈਆਂ ਬਨੈਣਾਂ ਵਿੱਚ ਲੁਕੋ ਕੇ ਰੱਖਿਆ ਸੀ। ਖੁਫੀਆ ਸੂਚਨਾ ਪਿੱਛੋਂ ਡਿਬਰੂਗੜ੍ਹ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ ਰਾਹੀਂ ਨਵੀਂ ਦਿੱਲੀ ਪਹੁੰਚੇ ਅੱਠ ਯਾਤਰੀਆਂ ਨੂੰ ਸਟੇਸ਼ਨ 'ਤੇ ਰੋਕ ਲਿਆ ਤਾਂ ਉਨ੍ਹਾਂ ਕੋਲੋਂ 504 ਵਿਦੇਸ਼ੀ ਸੋਨੇ ਦੇ ਬਿਸਕੁਟ ਬਰਾਮਦ ਹੋਏ। ਡੀ ਆਰ ਆਈ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਸਾਰੇ ਦੋਸ਼ੀਆਂ ਕੋਲ ਜਾਅਲੀ ਆਈ-ਕਾਰਡ ਸਨ ਅਤੇ ਉਨ੍ਹਾਂ ਨੇ ਭਾਰਤ-ਮਿਆਂਮਾਰ ਸਰਹੱਦ ਰਾਹੀਂ ਭਾਰਤ ਨੂੰ ਸੋਨੇ ਦੇ ਬਿਸਕੁਟਾਂ ਦੀ ਤਸਕਰੀ ਕੀਤੀ ਸੀ। ਅਧਿਕਾਰੀਆਂ ਮੁਤਾਬਕ ਦੋਸ਼ੀਆਂ ਵੱਲੋਂ ਸੋਨਾ ਇਥੇ ਪਹੁੰਚਾਣ ਲਈ ਸੜਕੀ, ਰੇਲਵੇ ਤੇ ਹਵਾਈ ਰਸਤੇ ਦੀ ਵਰਤੋਂ ਕੀਤੀ ਗਈ।





**Paramjit Deol** Broker

**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca




"Your neighborhood broker, Call Paramjit Deol Today"


**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.


**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.


**Brampton $749,000**


**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਭਾਰਤ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ 15ਵਾਂ ਕਵੀ ਦਰਬਾਰ



ਨਵੀਂ ਦਿੱਲੀ, 30 ਅਗਸਤ (ਗਿਆਨ ਸਿੰਘ): ਭਾਰਤ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰਾਂ ਦੀ ਚਲ ਰਹੀ ਲੜੀ ਦਾ 15ਵਾਂ ਓਨਲਾਈਨ ਕਵੀ ਦਰਬਾਰ ਹੋਇਆ। ਕਵੀ ਦਰਬਾਰ ਦਾ ਮੰਚ ਸੰਚਾਲਨ ਕਰ ਰਹੇ ਸ਼੍ਰੀ ਹਰਭਜਨ ਸਿੰਘ ਦਿਓਲ, ਭਾਰਤ ਸਰਕਾਰ ਦੀ ਕਵੀ ਦਰਬਾਰਾਂ ਸੰਬੰਧੀ ਮੀਟਿੰਗ ਦੇ ਮੈਂਬਰ ਤੇ ਭਾਰਤ ਸਰਕਾਰ ਦੇ ਸਰਬ ਸਾਂਝਾ ਸਭਿਆਚਾਰ ਮੰਚ ਦੇ ਆਲ ਇੰਡੀਆ ਕਨਵੀਨਰ ਨੇ ਕਿਹਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਆਨਲਾਇਨ ਘਰ ਘਰ ਪਹੁੰਚਾ ਰਹੀ ਹੈ ਭਾਰਤ ਸਰਕਾਰ ਤੇ ਦੁਨੀਆਂ ਭਰ ਦੇ ਸਾਹਿਤਕਾਰਾਂ/ਕਵੀਆਂ/ਬੁੱਧੀ ਜੀਵੀਆਂ ਦੀ ਲਗਾਤਾਰ ਸ਼ਮੂਲੀਅਤ ਕਰਵਾਈ ਜਾ ਰਹੀ ਹੈ ਤਾਂ ਜੋ ਕਾਨਫਰੰਸਾਂ/ਭਾਸ਼ਨ/ਗੋਸ਼ਟੀਆਂ/ਕਵਿਤਾਵਾਂ ਰਾਹੀਂ ਗੁਰੂ ਜੀ ਦੇ ਉਪਦੇਸ਼ ਨੂੰ ਹਰ ਪਰਿਵਾਰ ਤੱਕ ਪਹੁੰਚਾਇਆ ਜਾਵੇ।

15ਵੇਂ ਆਨਲਾਇਨ ਕਵੀ ਦਰਬਾਰ ਦੇ ਚੈਅਰਪਰਸਨ ਡਾ. ਰੁਚੀ ਚਤੁੱਰਵੇਦੀ, ਕਿਸ਼ੌਰ ਪਰੀਕ, ਸਰਬਜੀਤ ਕੌਰ ਸਰਬ, ਅਲਕਾ ਸਿਨਹਾ, ਸੋਨੀਆ ਅਕਸ, ਸਵਿੰਦਰ ਸਿੰਘ ਲਾਹੌਰੀਆ ਸ਼ਾਮਿਲ ਹੋਏ। ਪ੍ਰੋਗਰਾਮ ਦੀ ਨੁਮਾਇੰਦਗੀ ਤੇ ਬੁਲਾਰਿਆਂ ਦਾ ਧੰਨਵਾਦ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਆਫ ਆਰਟਸ ਨਵੀਂ ਦਿੱਲੀ ਦੇ ਅਧਿਕਾਰੀ ਸ਼੍ਰੀ ਸੰਤੋਸ਼ ਕੁਮਾਰ ਨੇ ਕੀਤਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

SAMRAI SIKH SANGAT SOCIETY
ਸਮਰਾਏ ਸਿੱਖ ਸੰਗਤ ਸੁਸਾਇਟੀ
ਸਤਿਕਾਰ ਯੋਗ ਸਰਦਾਰ ਜੀ ਅਤੇ ਸਰਦਾਰਨੀ ਜੀ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥
ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਸਾਂਈ ਸਿੰਘ ਜੀ, ਬਾਬਾ ਸੇਵਾ ਸਿੰਘ ਜੀ, ਬਾਬਾ ਧਿਆਨ ਦਾਸ ਜੀ ਅਤੇ ਬਾਬਾ ਗੁਪਾਲ ਸਿੰਘ ਜੀ ਦੀ ਬਰਸੀ 13 ਸਤੰਬਰ ਦਿਨ ਐਤਵਾਰ ਨੂੰ ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਬੜੀ ਸ਼ਰਧਾ ਅਤੇ ਸਦਭਾਵਨਾ ਨਾਲ ਮਨਾਈ ਜਾ ਰਹੀ ਹੈ। ਸੰਤਾਂ ਮਹਾਂ ਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਦੇ ਜਾਪ 11 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 13 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪੈਣਗੇ। ਆਪ ਆਪਣੇ ਪਰਿਵਾਰ ਸਮੇਤ ਇਸ ਸਮਾਗਮ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ
Sikh Spiritual Centre Rexdale
Address: 9 Carrier Dr, Etobicoke, ON M9V 4B2 Phone: (416) 746-6666
Link to join: https://www.samraisangattorontocanada.com/live-stream/
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਰਜੀਤ ਸਿੰਘ ਸਮਰਾ 289-828-2117
ਮਹਿੰਦਰ ਸਿੰਘ ਸਮਰਾ 416-271-8477

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਐਸ ਵਾਈ ਐਲ ਨਹਿਰ ਉਤੇ ਪੰਜਾਬ ਦਾ ਸਟੈਂਡ

-ਨਿਰੰਜਣ ਬੋਹਾ-

ਸੁਪਰੀਮ ਕੋਰਟ ਵੱਲੋਂ ਸਤਲੁਜ-ਜਮਨਾ ਲਿੰਕ (ਐਸ ਵਾਈ ਐਲ) ਨਹਿਰ ਬਾਰੇ ਫੈਸਲੇ ਦੀ ਰੋਸ਼ਨੀ ਵਿੱਚ ਕੇਂਦਰੀ ਜਲ ਸਰੋਤ ਮੰਤਰੀ ਰਜਿੰਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ ਵਿੱਚ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਕਾਰ ਹੋਈ ਵੀਡੀਓ ਕਾਲ ਮੀਟਿੰਗ ਸਮੇਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਰੁਸਤ ਸਟੈਂਡ ਲਿਆ। ਉਨ੍ਹਾਂ ਕਿਹਾ ਹੈ ਕਿ ਪਾਣੀ ਦੀ ਮੌਜੂਦਗੀ ਦਾ ਪਤਾ ਲਾਉਣ ਲਈ ਨਵਾਂ ਟ੍ਰਿਬਿਊਨਲ ਬਣਾਇਆ ਜਾਵੇ। ਜਿਸ ਤਰ੍ਹਾਂ ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਕਿਸਾਨੀ ਦਾ ਆਰਥਿਕ ਸੰਕਟ ਗਹਿਰਾਇਆ ਅਤੇ ਕਿਸਾਨੀ ਖੁਦਕੁਸ਼ੀਆਂ ਪੰਜਾਬ ਦਾ ਆਮ ਵਰਤਾਰਾ ਬਣੀਆਂ ਹਨ, ਉਸ ਨੂੰ ਵੇਖਦਿਆਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੀ ਇਹ ਚਿਤਾਵਨੀ ਬਿਲਕੁਲ ਦਰੁਸਤ ਹੈ ਕਿ ਇਹ ਮੁੱਦਾ ਦੇਸ਼ ਦੀ ਸੁਰੱਖਿਆ ਨੂੰ ਵੀ ਭੰਗ ਕਰਨ ਲਈ ਚੰਗਿਆੜੀ ਬਣ ਸਕਦਾ ਹੈ।

ਕੇਂਦਰ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੀ ਆਰਥਿਕਤਾ ਦਾ ਧੁਰਾ ਵਾਹੀ ਯੋਗ ਜ਼ਮੀਨ ਹੈ ਅਤੇ ਇਸ ਜ਼ਮੀਨ ਦੀ ਉਪਜਾਊ ਸ਼ਕਤੀ ਪੂਰੀ ਤਰ੍ਹਾਂ ਕੁਦਰਤੀ ਸਰੋਤਾਂ ਤੋਂ ਮਿਲ ਸਕਦੇ ਪਾਣੀਆਂ ’ਤੇ ਨਿਰਭਰ ਹੈ। ਪਾਣੀ ਦੀ ਸੰਜਮ ਨਾਲ ਵਰਤੋਂ ਤੇ ਵੱਧ ਪਾਣੀ ਦੀ ਮੰਗ ਕਰਦੇ ਗਲਤ ਫਸਲੀ ਚੱਕਰ ਨਾਲ ਪੰਜਾਬ ਦੀ ਧਰਤੀ ਹੇਠਾਂ ਪਾਣੀ ਦਾ ਪੱਧਰ ਜਿਵੇਂ-ਜਿਵੇਂ ਨੀਵਾਂ ਹੁੰਦਾ ਜਾਂਦਾ ਹੈ, ਤਿਵੇਂ ਤਿਵੇਂ ਦਰਿਆਈ ਪਾਣੀਆਂ ’ਤੇ ਕਿਸਾਨਾਂ ਦੀ ਨਿਰਭਰਤਾ ਵੀ ਵਧਦੀ ਜਾਂਦੀ ਹੈ। ਪੰਜਾਬ ਦੇ ਪਾਣੀਆਂ ਦੀ ਅਸਲ ਲੜਾਈ ਤਾਂ ਪੰਜਾਬ ਦੇ ਕਿਸਾਨਾਂ ਨੂੰ ਲੜਨੀ ਪਵੇਗੀ, ਪਰ ਪਾਣੀਆਂ ਦੇ ਮੁੱਦੇ ’ਤੇ ਕੁਰਸੀ ਸਿਆਸੀ ਪਾਰਟੀਆਂ ਦੇ ਹਿੱਸੇ ਆਵੇਗੀ।

ਕੁਝ ਸਾਲ ਪਹਿਲਾਂ ਆਈ ਸਰਦਾਰਾ ਸਿੰਘ ਜੌਹਲ ਕਮੇਟੀ ਦੀ ਰਿਪੋਰਟ ਵੀ ਪੰਜਾਬੀ ਦੇ ਪਾਣੀਆਂ ਦੀ ਰਾਖੀ ਲਈ ਪ੍ਰਤੀ ‘ਕਰੋ ਜਾਂ ਮਰੋ’ ਦੀ ਲੜਾਈ ਵਾਲੇ ਜਜ਼ਬੇ ਨੂੰ ਪੂਰੀ ਤਰ੍ਹਾਂ ਵਾਜਿਬ ਠਹਿਰਾਉਂਦੀ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਵਿੱਚ ਸਾਰੇ ਜਲ ਸਾਧਨਾਂ ਤੋਂ ਮਿਲਦਾ ਪਾਣੀ 31.3 ਲੱਖ ਹੈਕਟੇਅਰ ਮੀਟਰ ਹੈ, ਜਿਸ ਵਿੱਚ 16.8 ਲੱਖ ਹੈਕਟੇਅਰ ਮੀਟਰ ਜ਼ਮੀਨੀ ਪਾਣੀ ਹੈ। ਪੰਜਾਬ ਦੇ ਫਸਲੀ ਚੱਕਰ ਅਨੁਸਾਰ 43.7 ਲੱਖ ਹੈਕਟੇਅਰ ਮੀਟਰ ਪਾਣੀ ਦੀ ਲੋੜ ਹੈ। ਇਸ ਹਿਸਾਬ ਨਾਲ 12.4 ਲੱਖ ਹੈਕਟੇਅਰ ਮੀਟਰ ਜ਼ਮੀਨੀ ਪਾਣੀ ਵੱਧ ਵਰਤਿਆ ਜਾ ਰਿਹਾ ਹੈ। ਅੱਜ ਸਥਿਤੀ ਇਸ ਰਿਪੋਰਟ ਨਾਲੋਂ ਵੀ ਗੰਭੀਰ ਹੋ ਚੁੱਕੀ ਹੈ। ਜ਼ਮੀਨਦੋਜ਼ ਪਾਣੀ ਦੀ ਵੱਧ ਵਰਤੋਂ ਨਾਲ ਕਿਸਾਨਾਂ ਦੀ ਆਰਥਿਕਤਾ ’ਤੇ ਬਹੁਤ ਮਾਰੂ ਪ੍ਰਭਾਵ ਪੈ ਰਿਹਾ ਹੈ। ਖੇਤੀ ਮਾਹਰਾਂ ਦੀ ਰਿਪੋਰਟ ਅਨੁਸਾਰ ਹਰ ਸਾਲ ਜ਼ਮੀਨੀ ਪਾਣੀ ਦਾ ਪੱਧਰ ਔਸਤ 30 ਸੈਂਟੀਮੀਟਰ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਤਾਂ ਇਹ ਦਸ ਮੀਟਰ ਤੋਂ ਵੀ ਵੱਧ ਖਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ ਹੈ।

ਖੇਤੀ ਦੀ ਸਿਹਤ ਲਈ ਨੁਕਸਾਨਦੇਹ ਤੇ ਕਈ ਤਰ੍ਹਾਂ ਦੇ ਕੈਮੀਕਲ ਪਦਾਰਥਾਂ ਦੀ ਮਿਲਾਵਟ ਵਾਲੇ ਜ਼ਮੀਨੀ ਪਾਣੀ ਨੇ ਮਾਲਵਾ ਖੇਤਰ ਦੀ ਭੂਮੀ ਨੂੰ ਬਹੁਤ ਹੱਦ ਤੱਕ ਬੰਜਰ ਬਣਾ ਦਿੱਤਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘੱਟ ਰਹੀ ਹੈ, ਜਿਸ ਕਾਰਨ ਪੰਜਾਬ ਦਾ ਕਿਸਾਨ ਆਤਮਘਾਤ ਦੇ ਰਾਹ ਪੈਣ ਲਈ ਮਜਬੂਰ ਹੈ। ਹਰਿਆਣਾ ਤੇ ਰਾਜਸਥਾਨ ਸਰਕਾਰ ਨੂੰ ਪੰਜਾਬ ਦਾ ਧੰਨਵਾਦ ਕਰਨਾ ਬਣਦਾ ਹੈ ਕਿ ਇਸ ਨਾਜ਼ੁਕ ਹਾਲਤ ਵਿੱਚ ਵੀ ਪੰਜਾਬ ਹਰਿਆਣਾ ਨੂੰ



9.95 ਐਮ ਏ ਐਫ ਅਤੇ ਰਾਜਸਥਾਨ ਨੂੰ 8.60 ਐਮ ਏ ਐਫ ਪਾਣੀ ਦੇ ਰਿਹਾ ਹੈ, ਜਦੋਂ ਕਿ ਪੰਜਾਬ ਵਿੱਚੋਂ ਲੰਘਦੇ ਦਰਿਆਵਾਂ ਦੇ ਪਾਣੀ ਦੀ ਮਾਤਰਾ ਪਹਿਲਾਂ ਨਾਲੋਂ ਬਹੁਤ ਘਟ ਗਈ ਹੈ।

ਜਿਵੇਂ ਜਿਵੇਂ ਪੰਜਾਬ ਵਿਚ ਟਿਊਬਵੈਲਾਂ ਦੀ ਗਿਣਤੀ ਵਧ ਰਹੀ ਹੈ, ਤਿਵੇਂ-ਤਿਵੇਂ ਧਰਤੀ ਹੇਠਲਾ ਪਾਣੀ ਹੋਰ ਡੂੰਘਾ ਹੁੰਦਾ ਜਾਂਦਾ ਹੈ। ਜਦੋਂ ਸਤਲੁਜ-ਜਮਨਾ ਲਿੰਕ ਨਹਿਰ ਸਮਝੌਤਾ ਹੋਇਆ ਤਾਂ ਪੰਜਾਬ ਵਿੱਚ ਪਾਣੀ ਦੀ ਘਾਟ ਦਾ ਮਸਲਾ ਜ਼ਿਆਦਾ ਗੰਭੀਰ ਨਹੀਂ ਸੀ। ਇਰਾਡੀ ਕਮਿਸ਼ਨ ਵੱਲੋਂ ਹਰਿਆਣਾ ਅਤੇ ਪੰਜਾਬ ਸਰਕਾਰ ਵਿਚਕਾਰ ਪਾਣੀ ਦੀ ਵੰਡ ਦੀ ਤਜਵੀਜ਼ ਚਾਰ ਦਹਾਕੇ ਪੁਰਾਣੀ ਹੈ, ਜਦੋਂ ਕਿ ਪਾਣੀ ਦੀ ਵੰਡ ਦੇ ਕੌਮਾਂਤਰੀ ਨਿਯਮ ਆਖਦੇ ਹਨ ਕਿ ਹਰ 26 ਸਾਲ ਬਾਅਦ ਨਵੀਂ ਸਥਿਤੀ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ।

ਪੰਜਾਬ ਦੇ ਓਦੋਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਤੇ ਰਾਜਸਥਾਨ ਦੇ ਮੁੱਖ ਮੰਤਰੀ ਸ਼ਿਵ ਚਰਨ ਮਾਥੁਰ ਵਿਚਾਲੇ ਸਿਆਸੀ ਦਬਾਅ ਅਧੀਨ ਪੰਜਾਬ ਦੇ ਪਾਣੀਆਂ ਨੂੰ ਵੰਡਣ ਦਾ ਸਮਝੌਤਾ ਤਾਂ ਹੋ ਗਿਆ, ਪਰ ਇਸ ਵੰਡ ਅਨੁਸਾਰ ਹਰਿਆਣਾ ਨੂੰ ਪਾਣੀ ਦੇਣ ਲਈ ਐਸ ਵਾਈ ਐਲ ਨਹਿਰ ਦਾ ਬਣਨਾ ਪੰਜਾਬੀਆਂ ਦੇ ਜ਼ਬਰਦਸਤ ਵਿਰੋਧ ਕਾਰਨ ਅੱਜ ਤੱਕ ਰੁਕਿਆ ਪਿਆ ਹੈ। ਇਸ ਨਹਿਰ ਦੀ ਉਸਾਰੀ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਇਆ ਕਪੂਰੀ ਦਾ ਮੋਰਚਾ ਆਪਣੇ-ਆਪ ਵਿੱਚ ਵੱਡਾ ਇਤਿਹਾਸਕ ਮਹੱਤਵ ਰੱਖਦਾ ਹੈ। ਇਸ ਮੋਰਚੇ ਨੂੰ ਉਸ ਵੇਲੇ ਖੱਬੀ ਧਿਰ ਦਾ ਵੀ ਸਮਰਥਨ ਸੀ। ਇਸ ਮੋਰਚੇ ਦੌਰਾਨ ਪੰਜਾਬ ਦੇ ਲੋਕਾਂ ਨੇ ਰਾਜਸੀ ਹਿੱਤਾਂ ਤੋਂ ਉਪਰ ਉਠ ਕੇ ਇੰਨੀਆਂ ਗ੍ਰਿਫਤਾਰੀਆਂ ਦਿੱਤੀਆਂ ਸਨ ਕਿ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਨੱਕੋ-ਨੱਕ ਭਰ ਗਈਆਂ।

ਨਹਿਰ ਦੀ ਖੁਦਾਈ ਦਾ ਕੰਮ ਭਾਵੇਂ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸੋਨੇ ਦੀ ਕਹੀ ਨਾਲ ਟੱਕ ਲਾ ਕੇ ਕੀਤਾ ਸੀ, ਪਰ ਪੰਜਾਬੀਆਂ ਦੇ ਆਪਣੇ ਪਾਣੀਆਂ ਦੀ ਰਾਖੀ ਲਈ ਮਰ-ਮਿਟਣ ਦੇ ਜਜ਼ਬੇ ਵੱਲ ਵੇਖਦਿਆਂ ਕੇਂਦਰ ਸਰਕਾਰ ਇਸ ਨਹਿਰ ਦੀ ਖੁਦਾਈ ਜਾਰੀ ਰੱਖਣ ਦੀ ਹਿੰਮਤ ਨਹੀਂ ਕਰ ਸਕੀ।

ਸੰਨ 2005 ’ਚ ਸੁਪਰੀਮ ਕੋਰਟ ਨੇ ਐਸ ਵਾਈ ਐਲ ਨਹਿਰ ਦੀ ਰੁਕੀ ਉਸਾਰੀ ਫਿਰ ਤੋਂ ਸ਼ੁਰੂ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਪੰਜਾਬ ਵਾਸੀਆਂ ਨੇ ਫਿਰ ਘੋਲ ਲੜਿਆ। ਓਦੋਂ ਦੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹੀ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਪਾਣੀਆਂ ਦੀ ਵੰਡ ਲਈ ਗੁਆਂਢੀ ਰਾਜਾਂ ਨਾਲ ਕੀਤੇ ਪਿਛਲੇ ਸਮਝੌਤੇ ਨੂੰ ਰੱਦ ਕਰ ਦਿੱਤਾ। ਕੈਪਟਨ ਸਾਹਿਬ ਨੇ ਸਮਝੌਤਾ ਰੱਦ ਕਰਨ ਦੇ ਮਤੇ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਤੋਂ ਪਹਿਲਾਂ ਇਸ ਦੀ ਭਿਣਕ ਮੀਡੀਆ ਨੂੰ ਵੀ ਨਹੀਂ ਸੀ ਲੱਗਣ ਦਿੱਤੀ। ਭਾਵੇਂ ਸੁਪਰੀਮ ਕੋਰਟ ਨੇ ਇਸੇ ਰੱਦ ਕੀਤੇ ਪਾਣੀਆਂ ਦੇ ਸਮਝੌਤੇ ਨੂੰ ਇਕਪਾਸੜ ਕਰਾਰ ਦੇ ਕੇ ਇਸ ਨੂੰ ਗੈਰ ਕਾਨੂੰਨੀ ਸੰਵਿਧਾਨਕ ਠਹਿਰਾ ਦਿੱਤਾ ਹੈ, ਪਰ ਪੰਜਾਬੀਆਂ ਦੀ ਮਨਾਸਿਕਤਾ ਅਜੇ ਵੀ ਇਸ ਫੈਸਲੇ ਨਾਲ ਜੁੜੀ ਹੋਈ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਤਦੇ ਹੋ ਸਕੇਗੀ, ਜੋ ਪੰਜਾਬ ਦੀਆਂ ਸਿਆਸੀ ਪਾਰਟੀਆਂ ਆਪੋ-ਆਪਣੇ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਇਸ ਬਾਰੇ ਕੌਮੀ ਰਾਇ ਬਣਾਉਣ ਦੇ ਯਤਨ ਕਰਨਗੀਆਂ ਕਿ 35 ਸਾਲ ਹੋਇਆ ਪਹਿਲਾਂ ਦੋ ਧਿਰਾਂ ਦਾ ਸਮਝੌਤਾ ਪੂਰੀ ਤਰ੍ਹਾਂ ਗੈਰ ਵਾਜਿਬ ਸੀ। ਜੇ ਸਿਆਸੀ ਪਾਰਟੀਆਂ ਇੱਕ ਦੂਜੀ ’ਤੇ ਦੂਸ਼ਣਬਾਜ਼ੀ ਕਰ ਕੇ ਆਪ ਸੱਚਾ ਹੋਣ ਦਾ ਯਤਨ ਕਰਦੀਆਂ ਰਹੀਆਂ ਤਾਂ ਇਹ ਗੱਲ ਗੁਆਂਢੀ ਸੂਬੇ ਦੇ ਹੱਕ ਵਿੱਚ ਜਾਵੇਗੀ।

ਪਹਿਲਾਂ ਪਾਣੀਆਂ ਦੀ ਵੰਡ ਦਾ ਸਮਝੌਤਾ ਕਰਨ ਅਤੇ ਇਸ ਨੂੰ ਤੋੜਨ ਵਿੱਚ ਕੇਵਲ ਰਾਜਨੀਤਕ ਧਿਰਾਂ ਸ਼ਾਮਲ ਸਨ, ਪਰ ਪਿੱਛੋਂ ਨਿਆਂ ਪਾਲਿਕਾ ਵੱਲੋਂ ਇਸ ਵਿੱਚ ਦਖਲ ਨਾਲ ਮਾਮਲਾ ਥੋੜ੍ਹਾ ਪੇਚੀਦਾ ਹੋ ਗਿਆ ਹੈ। ਜੇ ਸਿਆਸੀ ਪਾਰਟੀਆਂ ਇੱਕ-ਦੂਜੀ ’ਤੇ ਦੂਸ਼ਣਬਾਜ਼ੀ ਕਰ ਕੇ ਆਪ ਸੱਚੀਆਂ ਹੋਣ ਦਾ ਯਤਨ ਕਰਦੀਆਂ ਰਹੀਆਂ ਤਾਂ ਇਹ ਹੋਰ ਵੀ ਗੁੰਝਲਦਾਰ ਹੋ ਜਾਵੇਗਾ। ਲੋੜ ਇਸ ਗੱਲ ਦੀ ਹੈ ਕਿ ਸਾਰੀਆਂ ਸਿਆਸੀ ਧਿਰਾਂ ਇਹ ਗੱਲ ਇਕ-ਸੁਰ ਹੋ ਕੇ ਕਰਨ ਕਿ ਜੇ ਪੰਜਾਬ ਕੋਲ ਆਪਣੀ ਲੋੜ ਤੋਂ ਵੱਧ ਪਾਣੀ ਹੋਵੇਗਾ ਤਾਂ ਉਹ ਦੂਜੇ ਸੂਬੇ ਨੂੰ ਦੇਵੇਗਾ। ਜਦੋਂ ਪੰਜਾਬ ਦੇ ਲੋਕ ਆਪ ਹਰ ਸਾਲ ਕਾਲ ਵਰਗੀ ਸਥਿਤੀ ਦਾ ਸਾਹਮਣਾ ਕਰਦੇ ਹਨ ਤਾਂ ਕਿਹੜਾ ਰਾਜ ਆਪਣੇ ਹਿੱਤਾਂ ਦੀ ਅਣਦੇਖੀ ਕਰ ਸਕਦਾ ਹੈ? ਦਾਨਵੀਰ ਕਹਾਉਣ ਦਾ ਹੱਕ ਵੀ ਉਸ ਨੂੰ ਹੈ, ਜੋ ਦਾਨ ਕਰਨ ਦੀ ਸਮਰੱਥਾ ਰੱਖਦਾ ਹੋਵੇ।

ਚੰਗਾ ਇਹੀ ਹੋਵੇਗਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਆਪੋ-ਆਪਣੀ ਡਫਲੀ ਵਜਾਉਣ ਦੀ ਥਾਂ ਇਕਸੁਰ ਹੋ ਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨ। ਅਜਿਹਾ ਹੋਣ ’ਤੇ ਕੋਈ ਵੀ ਕੇਂਦਰ ਸਰਕਾਰ ਇਸ ਮਾਮਲੇ ਵਿੱਚ ਦਖਲ ਦੇਣ ਦੀ ਹਿੰਮਤ ਨਹੀਂ ਕਰੇਗੀ। ਪੰਜਾਬ ਦੇ ਲੋਕਾਂ ਨੂੰ ਮੁੱਖ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਜੇ ਸਤਲੁਜ-ਜਮਨਾ ਲਿੰਕ ਨਹਿਰ ਦਾ ਸਮਝੌਤਾ ਰੱਦ ਕਰਨ ਵੇਲੇ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਇੱਕ ਮੇਜ਼ ’ਤੇ ਬੈਠ ਸਕਦੇ ਹਨ ਤਾਂ ਅੱਜ ਕਿਉਂ ਵੱਖੋ-ਵੱਖਰੀ ਲੜਾਈ ਲੜ ਰਹੇ ਹਨ? ਜਿਸ ਤਰ੍ਹਾਂ ਸਾਰੀ ਦੁਨੀਆ ਵਿੱਚ ਕੁਦਰਤੀ ਸਰੋਤਾਂ ਤੋਂ ਮਿਲਦੇ ਪਾਣੀ ਦੀ ਵੰਡ ਬਾਰੇ ਝਗੜੇ ਉਠ ਰਹੇ ਹਨ, ਉਸ ਲਿਹਾਜ਼ ਨਾਲ ਪੰਜਾਬ ਵਾਸੀਆਂ ਨੂੰ ਇਸ ਗੱਲੋਂ ਹਮੇਸ਼ਾ ਸੁਚੇਤ ਤੇ ਇਕਮੁੱਠ ਹੋਣਾ ਪਵੇਗਾ ਕਿ ਸਿਆਸੀ ਦਬਾਅ ਕਾਰਨ ਪੰਜਾਬ ਦਾ ਪਾਣੀ ਖੋਹਣ ਦੀ ਗੱਲ ਵਾਰ-ਵਾਰ ਨਾ ਤੁਰੇ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਕੇਂਦਰ ਸਰਕਾਰ ’ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਪਾਕਿਸਤਾਨ ਨੂੰ ਜਾਂਦਾ ਵਾਧੂ ਪਾਣੀ ਰੋਕ ਕੇ ਇਸ ਨੂੰ ਹਿੱਸੇ ਮੁਤਾਬਕ ਪੰਜਾਬ ਤੇ ਹਰਿਆਣਾ ਨੂੰ ਵੰਡਿਆ ਜਾਵੇ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਗ਼ਜ਼ਲ

-ਗੁਰਜੰਟ ਸਿੰਘ ਚਾਹਲ-

ਸਿੱਧੇ ਸਾਦੇ ਰਾਹਾਂ ਵਿੱਚ ਕੁਝ ਮੋੜ ਅਚਾਨਕ ਆ ਜਾਂਦੇ ਨੇ
ਕੁਝ ਮਿੱਤਰ ਵੈਰੀ ਬਣ ਜਾਂਦੇ, ਕੁਝ ਵੈਰੀ ਮਨ ਨੂੰ ਭਾਅ ਜਾਂਦੇ ਨੇ।

ਤਿੱਖੜ ਦੁਪਹਿਰੇ ਢਲ ਜਾਵਣ ਤੇ ਡੁੱਬੇ ਸੂਰਜ ਚੜ੍ਹ ਜਾਵਣ
ਮਾਰੂਥਲ ਵਿੱਚ ਨਿੱਕੇ ਨਿੱਕੇ ਨਖਲਿਸਤਾਨ ਵੀ ਆ ਜਾਂਦੇ ਨੇ।

ਮੋਹ ਭਿੱਜੇ ਦੋ ਬੋਲਾਂ ਦੇ ਨਾਲ ਜਦ ਕੋਈ ਦਰਦ ਵੰਡਾ ਲੈਂਦਾ ਏ
ਢਿੱਡੋਂ ਭੁੱਖੇ ਬੁੱਲ੍ਹਾਂ 'ਤੇ ਵੀ ਨਿਰਛਲ ਹਾਸੇ ਛਾ ਜਾਂਦੇ ਨੇ।

ਅੱਖਾਂ ਉਤੇ ਪੱਟੀ ਧਰ ਕੇ ਨਿਰਣਾ ਕਰਦੇ ਜਦੋਂ ਦਰੋਣਾ
ਕੁਝ ਇਕਲੱਵਿਆ ਬਣ ਜਾਂਦੇ, ਕੁਝ ਅਰਜਨ ਅਖਵਾ ਜਾਂਦੇ ਨੇ।

ਕੰਨੀ ਵਾਲੇ ਕਿਆਰੇ ਭਾਵੇਂ ਉਂਝ ਤਾਂ ਸਦਾ ਹੀ ਰਹਿਣ ਤਿਹਾਏ
ਹਿੰਮਤ ਵਾਲੇ ਪੈਰਾਂ ਨਾਲ ਹੀ ਪਾਣੀ ਵੱਟ ਨਾਲ ਲਾ ਜਾਂਦੇ ਨੇ।

ਬੀਵੀ, ਬੱਚੇ, ਕੋਠੀ, ਬੰਗਲਾ ਸਭ ਕੁਝ ਭਾਵੇਂ ਕੋਲ ਹੈ ਹੁੰਦਾ
ਮਾਵਾਂ ਬਾਝੋਂ ਸੁੰਨੇ ਵਿਹੜੇ ਦਿਲ ਨੂੰ ਵੱਢ ਵੱਢ ਖਾ ਜਾਂਦੇ ਨੇ।

ਹੱਸ ਕੇ ਧੁੱਪਾਂ ਜਰਦੇ ‘ਚਾਹਲ’ ਛਾਂ ਲਈ ਬੂਟੇ ਲਾਵਣ ਵਾਲੇ
ਬੋਹੜ ਵਰਗੇ ਦਿਲ ਜੋ ਰੱਖਣ, ਥੋਹਰਾਂ ਨਾਲ ਨਿਭਾ ਜਾਂਦੇ ਨੇ।

# ਜਦੋਂ ਡਫੀਟਡ ਸਰਪੰਚ ਨੇ ਥਾਣੇਦਾਰ ਨੂੰ ਪੜ੍ਹਨੇ ਪਾਇਆ

-ਰਣਜੀਤ ਲਹਿਰਾ

ਅਹੁਦਾ ਤਾਕਤ ਦਾ ਪ੍ਰਤੀਕ ਹੁੰਦਾ ਹੈ। ਇਸ ਲਈ ਇਹਦਾ ਮੋਹ ਵੀ ਬੜਾ ਮੂੰਹਜ਼ੋਰ ਹੈ। ਅਹੁਦੇ ਤੇ ਟਿਕੇ ਰਹਿਣ ਤੇ ਅਹੁਦਾ ਨਾ ਹੋਣ ਦੀ ਸੂਰਤ ਵਿੱਚ ਅਹੁਦੇਦਾਰ ਕਹਾਉਣ ਦੀ ਲਲਕ ਹੋਰ ਵੀ ਮੂੰਹਜ਼ੋਰ ਹੁੰਦੀ ਹੈ। ਸਿਆਸੀ ਪਾਰਟੀ ਤੋਂ ਲੈ ਕੇ ਟਰੇਡ ਯੂਨੀਅਨਾਂ ਅਤੇ ਧਾਰਮਿਕ ਸੰਸਥਾਵਾਂ ਤੋਂ ਜਨਤਕ ਜਥੇਬੰਦੀਆਂ ਤੱਕ ਵਿੱਚ ਜਿੰਨਾ ਰੌਲਾ-ਰੱਪਾ, ਝਗੜਾ-ਕਲੇਸ਼ ਅਤੇ ਟੁੱਟਾਂ-ਫੁੱਟਾਂ ਹੁੰਦੀਆਂ ਹਨ, ਉਨ੍ਹਾਂ ਵਿੱਚ ਹੋਰ ਮੁੱਦਿਆਂ ਤੋਂ ਛੁੱਟ ਅਹਿਮ ਕਾਰਨ ਅਹੁਦਿਆਂ ਦੀ ਭੁੱਖ ਹੁੰਦਾ ਹੈ। ਅਹੁਦੇ ਦੀ ਪੂਛ ਬੰਦਾ ਸਾਰੀ ਉਮਰ ਟੁੱਟਣ ਨਹੀਂ ਦੇਣੀ ਚਾਹੁੰਦਾ। ਲੀਡਰ ਹੀ ਨਹੀਂ, ਸਭ ਖੇਤਰਾਂ ਦੇ ਪ੍ਰੋਫੈਸ਼ਨਲ ਵੀ ਅਹੁਦਿਆਂ ਦੀ ਪੂਛ ਲਾਈ ਰੱਖਣ ਲਈ ਪੂਛ ਤੁੜਾ ਕੇ ਮਰਦੇ ਦੇਖੇ ਜਾਂਦੇ ਹਨ। ਪਿਛਲੇ ਦਿਨੀਂ ਵਿਧਾਨ ਸਭਾ ਦੀ ਚੋਣ ਹਾਰੇ ਇੱਕ ਸੱਜਣ ਨੇ ਆਪਣੀ ਨੇਮ ਪਲੇਟ ਤੇ ਐੱਮ ਐੱਲ ਏ ਲਿਖਾ ਲਿਆ। ਇਸ ਘਟਨਾ ਦੀ ਮੀਡੀਆ ਵਿੱਚ ਚਰਚਾ ਇਸੇ ਸੱਚ ਨੂੰ ਬਿਆਨ ਕਰਦੀ ਹੈ। ਇਸ ਚਰਚਾ ਨੇ ਕੋਈ ਸਾਢੇ ਤਿੰਨ ਦਹਾਕੇ ਪੁਰਾਣੀ ਦਿਲਚਸਪ ਘਟਨਾ ਚੇਤੇ ਕਰਵਾ ਦਿੱਤੀ।

1970ਵਿਆਂ ਦੇ ਅੰਤਲੇ ਸਾਲਾਂ ਵਿੱਚ ਆਈ ਟੀ ਆਈ ਬੁਢਲਾਡਾ ਵਿੱਚ ਦਾਖਲਾ ਲੈਣ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਹੋਣ ਤੋਂ ਬਾਅਦ ਯੂਨੀਅਨ ਦੇ ਜਿਨ੍ਹਾਂ ਦਰਜਨਾਂ, ਸਥਾਨਕ ਅਤੇ ਸੂਬਾਈ ਆਗੂਆਂ ਨਾਲ ਵਾਹ ਪਿਆ, ਐੱਨ ਐੱਸ ਬਾਗੀ ਉਨ੍ਹਾਂ ਵਿੱਚੋਂ ਇੱਕ ਸੀ। ਫਿਫਟੀ ਲੱਗੀ ਪੋਚਵੀਂ ਪੱਗ, ਚਮਚਮਾਉਂਦੇ ਸੂਟ-ਬੂਟ, ਕੁੰਢੀਆਂ ਮੁੱਛਾਂ, ਹੱਥ ਵਿੱਚ ਡਾਇਰੀ, ਉਹ ਕਿਸੇ ਰਾਣੀ-ਖਾਂ ਦੇ ਸਾਲੇ ਤੋਂ ਘੱਟ ਨਹੀਂ ਸੀ ਜਾਪਦਾ! ਲੀਡਰੀ ਦੀ ਉਹ ਗੁੜ੍ਹਤੀ ਲੈ ਕੇ ਜੰਮਿਆ ਜਾਪਦਾ ਸੀ। ਬਾਗੀ ਨਾ ਸਿਰਫ ਸਰਕਾਰ ਤੋਂ ਬਾਗੀ ਸੀ, ਸਗੋਂ ਅਕਸਰ ਜਥੇਬੰਦੀ ਤੋਂ ਵੀ ਬਾਗੀ ਰਹਿੰਦਾ ਸੀ। ਸੀਨੀਅਰ ਲੀਡਰਾਂ ਨਾਲ ਉਹਦਾ ਛੱਤੀ ਦਾ ਅੰਕੜਾ ਰਹਿੰਦਾ। ਮੇਰੇ ਵਰਗਿਆਂ ਨੂੰ ਉਹ 'ਕੱਲ੍ਹ ਦੀ ਭੂਤਨੀ, ਸਿਵਿਆਂ 'ਚ ਅੱਧ' ਕਹਿ ਕੇ ਟਾ; ਜਾਂਦਾ। ਭਾਸ਼ਣ ਕਲਾ ਦਾ ਉਹ ਨਿਪੁੰਨ ਸੀ। ਬਹਿਸਾਂ ਉਹ ਬਿਨਾਂ ਮੁੱਦੇ ਤੋਂ ਹੀ ਘੰਟਿਆਂ ਬੱਧੀ ਕਰਨ ਦੀ ਯੋਗਤਾ ਰੱਖਦਾ ਸੀ। ਪੰਗੇ ਲੈਣ ਵਿੱਚ ਉਹਦਾ ਸੁਭਾਅ ‘ਜਾਂਦੀਏ ਬਲਾਏ ਦੁਪਹਿਰਾ ਕੱਟ ਜਾ’ ਵਾਲਾ ਸੀ। ਗੱਲਾਂ ਵਿੱਚ ਉਹ ਵੱਡੇ ਵੱਡਿਆਂ ਦੇ ਕੰਨ ਕੁਤਰ ਜਾਂਦਾ। ਇਨ੍ਹਾਂ ਤਮਾਮ ਗੁਣ-ਦੋਸ਼ਾਂ ਦੇ ਬਾਵਜੂਦ ਉਹਨੇ ਆਪਣੇ ਸੱਤ-ਅੱਠ ਸਾਲ ਪੰਜਾਬ ਸਟੂਡੈਂਟਸ ਯੂਨੀਅਨ ਦੇ ਲੇਖੇ ਲਾਏ। ਪੂਰੇ ਜੁਝਾਰੂ ਢੰਗ ਨਾਲ ਪੜ੍ਹਾਈ ਦਾ ਹਰਜਾ ਝੱਲਿਆ। ਥਾਣੇ ਦੇਖੇ, ਕਚਹਿਰੀਆਂ ਦੇਖੀਆਂ। ਜੇਲ੍ਹਾਂ ਕੱਟੀਆਂ।

1985 ਦੇ ਨੇੜੇ-ਤੇੜੇ ਵਿਦਿਆਰਥੀ ਜਥੇਬੰਦੀ ਤੋਂ ਕਿਨਾਰਾ ਕਰਨ ਪਿੱਛੋਂ ਉਹਨੇ ਆਪਣੇ ਪਿੰਡ ਦੀ ਸਰਪੰਚੀ ਚੋਣ ਵਿੱਚ ਜਾ ਪੰਗਾ ਲਿਆ। ਸਰਪੰਚੀ ਚੋਣ ਦੇਖਣ ਨੂੰ ਜਿੰਨੀ ਛੋਟੀ ਲੱਗਦੀ ਹੈ, ਉਸ ਤੋਂ ਕਿਤੇ ਵਧੇਰੇ ਟੇਢੀ ਅਤੇ ਲੜਨੀ ਕਿਤੇ ਵਧੇਰੇ ਔਖੀ ਹੁੰਦੀ ਹੈ। ਹਾਰਨਾਂ ਉਹਨੇ ਸੀ, ਤੇ ਹਾਰ ਗਿਆ। ਸਰਪੰਚੀ ਦੀ ਚੋਣ ਭਲੇ ਹੀ ਉਹ ਹਾਰ ਗਿਆ, ਪਰ ਅੜਦੇ-ਥੁੜ੍ਹਦੇ ਕਿਸੇ ਦੇ ਕੰਮ ਆਉਣੋਂ ਤੇ ਨਿਤਾਣਿਆਂ ਦਾ ਤਾਣ ਬਣ ਕੇ ਖੜ੍ਹਨੋਂ ਉਹਨੂੰ ਕੋਈ ਨਹੀਂ ਸੀ ਨਾ ਰੋਕ ਸਕਦਾ। ਜਥੇਬੰਦੀ ਤੋਂ ਭਾਵੇਂ ਉਹਨੇ ਕਿਨਾਰਾ ਕਰ ਲਿਆ, ਪਰ ਹੱਡਾਂ ਵਿੱਚੋਂ ਤਾਂ ਇਹ ਗੱਲਾਂ ਸੌਖਿਆਂ ਨਿਕਲਣ ਵਾਲੀਆਂ ਨਹੀਂ ਸਨ।

ਹਾਰਨ ਤੋਂ ਬਾਅਦ ਇੱਕ ਦਿਨ ਉਹਦਾ ਪੇਚਾ ਅਮਲੀ ਨੂੰ ਫੜ ਕੇ ਲਈ ਜਾਂਦੇ ਥਾਣੇਦਾਰ ਨਾਲ ਪੈ ਗਿਆ। ਹੋਇਆ ਇੰਵ ਕਿ ਇੱਕ ਦਿਨ ਸਵੇਰੇ ਸਵੇਰੇ ਉਹਦੇ ਪਿੰਡ ਦੇ ਭੋਰਾ ਦੋ ਭੋਰਾ ਅਫੀਮ ਛਕਣ ਵਾਲੇ ਗਰੀਬੜੇ ਜਿਹੇ ਅਮਲੀ ਨੂੰ ਇੱਕ ਥਾਣੇਦਾਰ ਅਤੇ ਹੋਰ ਪੁਲਸ ਵਾਲੇ ਫੜ ਕੇ ਲਿਜਾ ਰਹੇ ਸਨ। ਅੱਗਿਓਂ ਰਾਹ ਵਿੱਚ ਬਾਗੀ ਟੱਕਰ ਪਿਆ। ਬਾਗੀ ਉਨ੍ਹਾਂ ਨੂੰ ਰੋਕ ਕੇ ਪੁੱਛਣ ਲੱਗਾ, ‘ਇਹਨੂੰ ਵਿਚਾਰੇ ਨੂੰ ਕਿਉਂ ਲਿਜਾ ਰਹੇ ਹੋ?’ ਥਾਣੇਦਾਰ ਕਹਿੰਦਾ, ‘ਇਹ ਅਫੀਮ ਵੇਚਦਾ।’

ਬਾਗੀ ਕਹਿੰਦਾ, ‘ਇਹ ਅਫੀਮ ਖਾਂਦਾ ਜ਼ਰੂਰ ਐ, ਪਰ ਵੇਚਦਾ ਨਹੀਂ, ਇਸ ਕਰ ਕੇ ਤੁਸੀਂ ਇਹਨੂੰ ਫੜ ਕੇ ਨਹੀਂ ਲਿਜਾ ਸਕਦੇ।’

ਉਸ ਨੂੰ ਬਹਿਸ ਵਿੱਚ ਪੈਂਦਾ ਦੇਖ ਔਖਾ ਹੋਇਆ ਥਾਣੇਦਰਾ ਕਹਿੰਦਾ, ‘ਨਾ ਤੂੰ ਹੈ ਕੌਣ ਐਂ ਸਾਨੂੰ ਪੁੱਛਣ ਵਾਲਾ?’

ਅੱਗਿਓਂ ਪੰਜਾਬੀ ਨੂੰ ਅੰਗਰੇਜ਼ੀ ਦੀ ਪੁੱਠ ਚੜ੍ਹੇ ਡਾਇਲਾਗ ਘੁਮਾ ਕੇ ਸੁੱਟ ਕੇ ਬਾਗੀ ਕਹਿਣ ਲੱਗਾ, ‘ਆਈ ਐੱਮ ਡਫੀਟਡ ਸਰਪੰਚ।’ ਬਣਾ-ਸੰਵਾਰ ਕੇ ਅੰਗਰੇਜ਼ੀ ਵਿੱਚ ਬੋਲਿਆ ਬਾਗੀ ਦਾ ਅੰਤਲਾ ਡਾਇਲਾਗ ਥਾਣੇਦਾਰ ਦੇ ਸਿਰ ਉਤੋਂ ਦੀ ਲੰਘ ਗਿਆ। ਸਰਪੰਚੀ ਦੀ ਇਸ ਨਵੀਂ ਕੈਟਾਗਰੀ ਦਾ ਥਾਣੇਦਾਰ ਨੂੰ ਕੋਈ ਹਿਸਾਬ ਨਾ ਆਇਆ। ਪੈਂਦੀ ਸੱਟੇ ਅਜੇ ਤੱਕ ਬਾਗੀ ਨਾਲ ‘ਤੂੰ’ ਕਹਿ ਕੇ ਗੱਲ ਕਰਦਾ ਥਾਣੇਦਾਰ ‘ਤੂੰ’ ਤੋਂ ‘ਭਾਈ ਸਾਹਿਬ’ ਕਹਿ ਕੇ ਗੱਲ ਕਰਨ ਉਤੇ ਗਿਆ, ਪਰ ਨਾ ਥਾਣੇਦਾਰ ਹੱਥ ਆਈ ਅਸਾਮੀ ਨੂੰ ਛੱਡਣ ਲਈ ਤਿਆਰ ਸੀ ਤੇ ਨਾ ਬਾਗੀ ਸਾਹਿਬ ਪਿੱਛੇ ਹਟਣ ਨੂੰ ਤਿਆਰ ਸੀ। ਲਿਹਾਜ਼ਾ ਗੱਲ ਫਿਰ ਵਧਣ ਲੱਗੀ। ਔਖਾ ਹੋਇਆ ਥਾਣੇਦਾਰ ਬਾਗੀ ਨੂੰ ਮੁੜ ਪੁੱਛਣ ਲੱਗਾ, ‘ਨਾ ਭਾਈ ਸਾਹਬ, ਤੁਸੀਂ ਸਾਡੇ ਕੰਮ ਵਿੱਚ ਲੱਤ ਅੜਾਉਣ ਵਾਲੇ ਹੋ ਕੌਣ?’

ਬਾਗੀ ਨੇ ਇੱਕ ਵਾਰ ਫਿਰ ਰੋਹਬਦਾਰ ਆਵਾਜ਼ ਵਿੱਚ ਕਹਿ ਦਿੱਤਾ, ‘ਮੈਂ ਕਿਹਾ, ਆਈ ਐਮ ਡਫੀਟਡ ਸਰਪੰਚ।’

ਥਾਣੇਦਾਰ ਦੇ ਪਿੜ-ਪੱਲੇ ਫਿਰ ਵੀ ਕੁਝ ਨਾ ਪਿਆ, ਪਰ ਉਹਨੂੰ ਲੱਗਾ ਕਿ ਬੰਦਾ ਜ਼ਰੂਰ ਕੋਈ ਕਹਿੰਦਾ-ਕਹਾਉਂਦਾ ਹੈ। ਉਹਨੇ ਅਮਲੀ ਨੂੰ ਛੱਡਣ ਵਿੱਚ ਹੀ ਭਲਾਈ ਸਮਝੀ।

ਸਰਪੰਚੀ ਦੀ ਚੋਣ ਹਾਰ ਤਾਂ ਗਿਆ ਸੀ, ਪਰ ਇਹ ਹਾਰ ਉਹਨੇ ਦਿਲੋਂ ਸਵੀਕਾਰ ਨਹੀਂ ਕੀਤੀ। ਇਸੇ ਲਈ ਜਦੋਂ ਮੇਰੇ ਵਰਗਾ ਕੋਈ ਪੁੱਛਦਾ ਕਿ ਬਾਗੀ ਸਾਹਿਬ, ਸਰਪੰਚੀ ਦੀ ਚੋਣ ਦਾ ਕੀ ਬਣਿਆ ਤਾਂ ਮੁੱਛਾਂ 'ਤੇ ਹੱਥ ਫੇਰ ਕੇ ਵਿਅੰਗਮਈ ਮੁਸਕਰਾਹਟ ਨਾਲ ਕਹਿੰਦਾ, “ਸਾਥੀ ਲੋਕਾਂ ਨੇ ਫਤਵਾ ਆਪਣੇ ਉਲਟ ਦੇ 'ਤਾ।”

ਹਾਂ, ਪਰ ਉਹਨੇ ਆਪਣੇ ਬੂਹੇ 'ਤੇ ਲਿਖ ਕੇ ਨਹੀਂ ਸੀ ਲਾਇਆ ਐੱਨ ਐੱਸ ਬਾਗੀ (ਡਫੀਟਡ ਸਰਪੰਚ)।

## ਹਲਕਾ ਫੁਲਕਾ

ਇੱਕ ਦਿਨ ਪੱਪੂ ਨੇ ਆਪਣੇ ਦੋਸਤ ਪ੍ਰਿੰਸ ਨੂੰ ਕਿਹਾ, “ਹਮੇਸ਼ਾ ਆਪਣੀ ਪਤਨੀ ਦੀਆਂ ਪੁੱਠੀਆਂ-ਸਿੱਧੀਆਂ ਗੱਲਾਂ ਸੁਣ ਕੇ ਕਦੇ-ਕਦੇ ਮੇਰਾ ਜੀਅ ਕਰਦਾ ਹੈ ਕਿ ਉਸ ਨੂੰ ਚੁੱਕ ਕੇ ਤੀਜੀ ਮੰਜ਼ਿਲ ਤੋਂ ਹੇਠਾਂ ਸੁੱਟ ਦੇਵਾਂ, ਪਰ ਮੈਂ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦਾ।”

ਪ੍ਰਿੰਸ, “ਕਿਉਂ, ਕੀ ਉਹ ਬਹੁਤ ਜ਼ਿਆਦਾ ਮੋਟੀ ਹੈ?”

ਪੱਪੂ, “ਨਹੀਂ, ਪਰ ਸੋਚਦਾ ਹਾਂ ਕਿ ਜੇ ਉਹ ਬਚ ਗਈ ਤਾਂ ਮੇਰਾ ਕੀ ਬਣੇਗਾ”

*********

ਇੱਕ ਵਾਰ ਸੂਰਜ ਸ਼ਾਮ ਵੇਲੇ ਸਮੁੰਦਰ ਦੀ ਸੈਰ ਕਰਨ ਗਿਆ। ਉਥੇ ਅਚਾਨਕ ਉਸ ਦਾ ਪੈਰ ਤਿਲਕਿਆ ਅਤੇ ਉਹ ਪਾਣੀ ਵਿੱਚ ਜਾ ਡਿੱਗਾ। ਡੁੱਬਦੇ ਡੁੱਬਦੇ ਉਸ ਦੇ ਹੱਥ ਵਿੱਚ ਛੋਟੀ ਮੱਛੀ ਆ ਗਈ। ਉਸ ਨੇ ਮੱਛੀ ਫੜ ਕੇ ਬਾਹਰ ਸੁੱਟ ਦਿੱਤੀ ਤੇ ਬੋਲਿਆ, “ਜਾ ਮੱਛੀ ਰਾਣੀ ਜਾ, ਮੇਰੀ ਜਾਨ ਬਚੇ ਜਾਂ ਨਾ ਬਚੇ, ਪਰ ਤੂੰ ਤਾਂ ਆਪਣੀ ਜਾਨ ਬਚਾਅ ਲੈ।”

*********

ਪਤਨੀ, “ਜੇ ਮੈਂ ਗੁਆਚ ਗਈ ਤਾਂ ਤੁਸੀਂ ਕੀ ਕਰੋਗੇ?”

ਪਤੀ, “ਮੈਂ ਨਿਰਮਲ ਬਾਬਾ ਕੋਲ ਜਾਵਾਂਗਾ।”

ਪਤਨੀ (ਖੁਸ਼ ਹੋ ਕੇ), “ਉਨ੍ਹਾਂ ਤੋਂ ਮੇਰੇ ਬਾਰੇ ਪਤਾ ਲਾਓਗੇ?”

ਪਤੀ, “ਨਹੀਂ, ਉਨ੍ਹਾਂ ਦਾ ਧੰਨਵਾਦ ਕਰਾਂਗਾ ਕਿ ਬਾਬਾ ਜੀ, ਕਿਰਪਾ ਆਉਣੀ ਸ਼ੁਰੂ ਹੋ ਗਈ ਹੈ।”

ਫਾਰਮ ਵਿਚ ਕਾਮਿਆਂ ਦੀ ਲੋੜ

ਮਾਲਟਨ ਅਤੇ ਗੋਰ ਰੋਡ ਦੇ ਏਰੀਏ ਤੋਂ ਫਾਰਮ ਵਿਚ ਕੰਮ ਕਰਨ ਲਈ ਬੰਦਿਆਂ ਅਤੇ ਜਨਾਨੀਆਂ ਦੀ ਲੋੜ ਹੈ। ਫਰੀ ਰਾਈਡ ਦਿੱਤੀ ਜਾਵੇਗੀ ਅਤੇ ਵਧੀਆ ਪੇਅ ਹੈ।
ਹਫ਼ਤੇ ਦੇ ਛੇ ਦਿਨ ਕੰਮ

ਸੰਪਰਕ: 647 765 4145

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh, Producer/ Host
Cell: 416 662 1313
Email: punjabirang13@hotmail.com

# ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਓੜਕ ਦੇ ਭ੍ਰਿਸ਼ਟਾਚਾਰ ਦੀ ਭੜਾਸ ਦੇ ਭਬਾਕੇ ਨਿਕਲਣੇ ਸ਼ੁਰੂ



ਜਤਿੰਦਰ ਪੰਨੂ

ਉਹ ਵੀ ਸਮਾਂ ਸੀ, ਜਦੋਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ, ਅੰਗਰੇਜ਼ਾਂ ਦੇ ਮਹੰਤਾਂ ਨਾਲ ਸਿੱਧੀ ਟੱਕਰ ਵਿੱਚ ਜਾਨਾਂ ਵਾਰੀਆਂ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਚਲਾਉਣ ਦਾ ਹੱਕ ਜਿੱਤਿਆ ਸੀ। ਸੰਘਰਸ਼ ਦੀ ਅਗਵਾਈ ਓਦੋਂ ਕਥਾ-ਕੀਰਤਨ ਕਰਨ ਵਾਲੇ ਰਿਵਾਇਤੀ ਸਿੱਖ ਸੰਤਾਂ ਨੇ ਨਹੀਂ ਸੀ ਕੀਤੀ, ਉਹ ਤਾਂ ਮਰਿਆਦਾ ਉੱਪਰ ਪਹਿਰਾ ਦੇਣਾ ਵੀ ਭੁੱਲ ਕੇ ਅੰਗਰੇਜ਼ਾਂ ਦੀ ਖੁਸ਼ੀ ਖਾਤਰ ਅਵੱਗਿਆ ਹੁੰਦੀ ਵੇਖ ਕੇ ਅੱਖਾਂ ਮੀਟ ਲੈਂਦੇ ਰਹੇ ਸਨ। ਕੁਰਬਾਨੀਆਂ ਕਰਨ ਵਾਲੇ ਹੋਰ ਸਨ ਅਤੇ ਸਮਾਂ ਪਾ ਕੇ ਕੁਰਬਾਨੀਆਂ ਦਾ ਲਾਹਾ ਲੈਣ ਵਾਲੇ ਲੋਕ ਅੱਗੇ ਆ ਗਏ ਹਨ। ਮੁੱਢਲੇ ਦਿਨਾਂ ਵਿੱਚ ਗੁਰੂ ਘਰਾਂ ਲਈ ਗਦਰ ਪਾਰਟੀ ਵਾਲੇ ਬਾਬਿਆਂ ਨੂੰ ਸਿੱਖ ਸੰਗਤ ਆਪ ਅੱਗੇ ਲਾਉਂਦੀ ਸੀ। ਜਦੋਂ ਉਹ ਆਜ਼ਾਦੀ ਲੈਣ ਲਈ ਜੇਲ੍ਹਾਂ ਵਿੱਚ ਚਲੇ ਗਏ ਤਾਂ ਹੌਲੀ-ਹੌਲੀ ਪ੍ਰਬੰਧ ਉਨ੍ਹਾਂ ਦੇ ਹੱਥੀਂ ਆਉਣ ਲੱਗ ਪਿਆ ਸੀ, ਜਿਨ੍ਹਾਂ ਦਾ ਗੋਲਕਾਂ ਵੱਲ ਮੂੰਹ ਅਤੇ ਗੁਰੂ ਵੱਲ ਪਿੱਠ ਹੁੰਦੀ ਸੀ। ਉਨ੍ਹਾਂ ਨੇ ਕੀਤੀ-ਕੱਤਰੀ ਨੂੰ ਸਿਆਸਤ ਦੀ ਭੇਟ ਚਾੜ੍ਹ ਛੱਡਿਆ। ਗੋਲਕਾਂ ਦਾ ਚੜ੍ਹਾਵਾ ਰਾਜਸੀ ਚੋਣਾਂ ਲਈ ਵਰਤਣ ਵਾਲਿਆਂ ਨੇ ਚਿਤਾਵਨੀਆਂ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ ਤੇ ਇਸ ਦਾ ਨਤੀਜਾ ਜਿਹੜਾ ਨਿਕਲਣਾ ਸੀ, ਉਹ ਆਖਰ ਨੂੰ ਲੋਕਾਂ ਸਾਹਮਣੇ ਆ ਗਿਆ ਹੈ। ਸ਼੍ਰੋਮਣੀ ਕਮੇਟੀ ਭ੍ਰਿਸ਼ਟਾਚਾਰ ਦਾ ਅੱਡਾ ਸਾਬਤ ਹੋਈ ਪਈ ਹੈ।

ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੱਦਾਂ ਤੋਂ ਬਾਹਰਾ ਭ੍ਰਿਸ਼ਟਾਚਾਰ ਫੈਲਦਾ ਜਾਂਦਾ ਹੈ, ਉਹ ਇੱਕ ਦਿਨ ਖੁਦ ਹੀ ਭੜਾਸ ਦੇ ਭਬਾਕੇ ਨਾਲ ਬਾਹਰ ਆ ਜਾਵੇਗਾ। ਘਟਨਾਵਾਂ ਦੀ ਤੋਰ ਨੇ ਇਹੋ ਗੱਲ ਸਾਬਤ ਕੀਤੀ ਹੈ। ਸ਼ੁਰੂਆਤ ਤਾਂ ਪੰਜ ਸਿੰਘ ਸਾਹਿਬਾਨ, ਜਿਹੜੇ ਕੋਈ ਪੱਧਰ ਕਾਇਮ ਰੱਖੇ ਬਿਨਾ ਸੱਦੇ ਅਤੇ ਬਿਠਾਏ ਜਾਂਦੇ ਹਨ, ਦੀ ਮੀਟਿੰਗ ਨਾਲ ਹੋਈ। ਇਸ ਵਿੱਚ ਸਿੱਖ ਕਥਾ ਵਾਚਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਮੁੱਦਾ ਬਹੁਤ ਵੱਡਾ ਬਣਾ ਕੇ ਪੇਸ਼ ਕੀਤਾ, ਹਾਲਾਂਕਿ ਉਸ ਦੇ ਖਿਲਾਫ ਰੌਲਾ ਕੁਝ ਲੋਕ ਨਿੱਜੀ ਕਿੜਾਂ ਕਾਰਨ ਹੀ ਪਾਉਂਦੇ ਸਨ, ਅਸਲ ਵਿੱਚ ਮੁੱਦਾ ਹੀ ਨਹੀਂ ਸੀ। ਫਿਰ ਇਸ ਮੀਟਿੰਗ ਵਿੱਚ ਹੋਰ ਮੁੱਦੇ ਛੱਡ ਕੇ ਪਹਿਲਾ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ ਜਾਂ ਗਾਇਬ ਕੀਤੇ ਗਏ ਸਰੂਪਾਂ ਦਾ ਛੋਹ ਲਿਆ ਤਾਂ ਉਸੇ ਨੇ ਲੀਰਾਂ ਦਾ ਖਿੱਦੋ ਖਿਲਾਰ ਦਿੱਤਾ। ਪਹਿਲੀ ਵਾਰ ਇਹ ਗੱਲ ਓਥੇ ਮੰਨਣੀ ਪਈ ਕਿ ਗੁਰੂ ਘਰ ਦੀ ਪ੍ਰਿੰਟਿੰਗ ਪ੍ਰੈੱਸ ਵਿੱਚ ਮੰਗ ਜੋਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪਣ ਦੇ ਵਕਤ ਬਹੁਤ ਸਾਰੇ ਪੇਜ ਵਾਧੂ ਛਾਪ ਕੇ ਬਾਹਰੋ-ਬਾਹਰ ਉਨ੍ਹਾਂ ਦੀਆਂ ਜਿਲਦਾਂ ਬੰਨ੍ਹ ਕੇ ਕਮਾਈ ਹੋ ਰਹੀ ਸੀ। ਸਾਰਾ ਜ਼ਿੰਮਾ ਇਸ ਕੰਮ ਨਾਲ ਜੁੜੇ ਹੋਏ ਦੋ-ਚਾਰ ਬੰਦਿਆਂ ਸਿਰ ਸੁੱਟ ਕੇ ਲੀਡਰਸ਼ਿਪ, ਅਤੇ ਖਾਸ ਤੌਰ ਉੱਤੇ ਪਬਲੀਕੇਸ਼ਨ ਦਾ ਸਭ ਤੋਂ ਵੱਧ ਸਮਾਂ ਇੰਚਾਰਜ ਰਹੇ ਸਾਬਕਾ ਚੀਫ ਸੈਕਟਰੀ ਨੂੰ ਸਿਰਫ ਅਸਤੀਫਾ ਪ੍ਰਵਾਨ ਕਰ ਕੇ ਛੱਡ ਦਿੱਤਾ ਹੈ। ਜਿਹੜੇ ਲੋਕਾਂ ਦੇ ਸਿਰ ਬੋਝ ਪਾਇਆ ਗਿਆ ਹੈ, ਉਹ ਮੂੰਹ ਪਾੜ-ਪਾੜ ਦੱਸੀ ਜਾਂਦੇ ਹਨ ਕਿ ਇਨ੍ਹਾਂ ਬੀੜਾਂ ਦੀ ਕਮਾਈ ਵਿੱਚੋਂ ਫਲਾਣੇ ਆਗੂ ਅਤੇ ਫਲਾਣੇ ਅਧਿਕਾਰੀ ਨੂੰ ਹਿੱਸਾ ਮਿਲਦਾ ਸੀ। ਇਸ ਤਰ੍ਹਾਂ ਜੇ ਸ਼੍ਰੋਮਣੀ ਕਮੇਟੀ ਇਹ ਸੋਚਦੀ ਹੋਵੇ ਕਿ ਚਾਰ ਬੰਦੇ ਅੱਗੇ ਕਰ ਕੇ ਬਾਕੀਆਂ ਨੂੰ ਬਚਾ ਲਿਆ ਜਾਵੇਗਾ ਤਾਂ ਇਹ ਕੋਸ਼ਿਸ਼ ਕਈ ਵੱਡਿਆਂ ਦੇ ਅਹੁਦਿਆਂ ਤੱਕ ਵੀ ਪਹੁੰਚ ਸਕਦੀ ਹੈ।

*ਜਿਹੜੀ ਗੱਲ ਅਜੇ ਲੋਕਾਂ ਤੱਕ ਨਹੀਂ ਪਹੁੰਚੀ, ਉਹ ਇਹ ਹੈ ਕਿ ਕੁਰਬਾਨੀਆਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਪਿੱਛੋਂ ਬਣਾਈ ਗਈ ਇਸ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਹਰ ਪੱਧਰ ਉੱਤੇ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਕਰਫਿਊ ਲੱਗਾ ਪਿਆ ਸੀ, ਸੰਗਤ ਗੁਰਦੁਆਰਿਆਂ ਵਿੱਚ ਜਾ ਨਹੀਂ ਸੀ ਸਕਦੀ, ਓਦੋਂ ਖਾਲਸੇ ਦੇ ਜਨਮ ਅਸਥਾਨ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿੱਚ ਲੱਖਾਂ ਰੁਪਏ ਦੀ ਤਾਜ਼ਾ ਸਬਜ਼ੀ ਖਰੀਦੀ ਅਤੇ ਸੰਗਤ ਦੇ ਓਥੇ ਆਉਣ ਤੋਂ ਬਿਨਾਂ ਹੀ ਸੰਗਤ ਨੂੰ ਵਰਤਾਈ ਜਾਂਦੀ ਦਿਖਾਈ ਗਈ ਸੀ। ਰੌਲਾ ਪੈਣ ਮਗਰੋਂ ਛੋਟੇ ਬੰਦੇ ਦਾਅ ਉੱਤੇ ਲਾ ਕੇ ਵੱਡੀਆਂ ਪ੍ਰਬੰਧਕੀ ਤੋਪਾਂ ਅਤੇ ਧਾਰਮਿਕ ਪਦਵੀਆਂ ਦੇ ਮਾਲਕਾਂ ਨੂੰ ਬਚਾ ਲਿਆ ਸੀ। ਇਸ ਤੋਂ ਪਹਿਲਾਂ ਕੋਰੋਨਾ ਦੇ ਦੌਰ ਵਿੱਚ ਹੀ ਇਹ ਰੌਲਾ ਵੀ ਪਿਆ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਅਸਲੀ ਲੱਕੜਾਂ ਦੀ ਥਾਂ ਫਰ੍ਹੇ ਵਾਲੀਆਂ ਫੱਟੀਆਂ ਖਰੀਦਣ ਨਾਲ ਘਪਲਾ ਕੀਤਾ ਗਿਆ ਹੈ*




ਸ਼੍ਰੋਮਣੀ ਕਮੇਟੀ ਨੇ ਇਸ ਵਾਰੀ ਫੈਸਲਾ ਲੈਣ ਸਮੇਂ ਜਿਹੜੀ ਇੱਕੋ ਵੱਡੀ ਗੱਲ ਕੀਤੀ, ਉਹ ਇਹ ਸੀ ਕਿ ਕਮੇਟੀ ਦੇ ਸਾਰੇ ਵਹੀ-ਖਾਤਿਆਂ ਦਾ ਆਡਿਟ ਕਰਨ ਵਾਲੀ ਕੋਹਲੀ ਕੰਪਨੀ ਨੂੰ ਅੱਗੋਂ ਲਈ ਲਾਂਭੇ ਕਰ ਦਿੱਤਾ ਹੈ। ਕਰੋੜਾਂ ਦੀ ਕਮਾਈ ਇਸ ਕੰਪਨੀ ਨੂੰ ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚੋਂ ਹੁੰਦੀ ਰਹੀ ਹੈ ਤੇ ਓਦੋਂ ਇਸ ਦੇ ਖਿਲਾਫ ਰੌਲਾ ਪੈਂਦਾ ਵੀ ਗੌਲਿਆ ਨਹੀਂ ਸੀ ਜਾਂਦਾ, ਕਿਉਂਕਿ ਇਸ ਕੰਪਨੀ ਦੇ ਮਾਲਕ ਅਕਾਲੀ ਰਾਜਨੀਤੀ ਦੇ ਵੱਡੇ ਘਰ ਨਾਲ ਜੁੜੇ ਹੋਏ ਸਨ। ਨੇੜਿਉਂ ਜਾਨਣ ਦਾ ਦਾਅਵਾ ਕਰਨ ਵਾਲੇ ਲੋਕ ਇਹ ਕਹਿ ਰਹੇ ਹਨ ਕਿ ਇਸ ਕੰਪਨੀ ਨਾਲੋਂ ਵੱਧ ਲਿਹਾਜੂ ਲੱਭੀ ਕੰਪਨੀ ਨੂੰ ਇਹੋ ਕੰਮ ਸੌਂਪਣ ਲਈ ਸਾਰਾ ਡਰਾਮਾ ਕੀਤਾ ਗਿਆ ਹੈ। ਇਸ ਦੀ ਅਸਲੀਅਤ ਵੀ ਅਗਲੇ ਦਿਨਾਂ ਵਿੱਚ ਸਾਹਮਣੇ ਆ ਜਾਵੇਗੀ।

ਜਿਹੜੀ ਗੱਲ ਅਜੇ ਲੋਕਾਂ ਤੱਕ ਨਹੀਂ ਪਹੁੰਚੀ, ਉਹ ਇਹ ਹੈ ਕਿ ਕੁਰਬਾਨੀਆਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਪਿੱਛੋਂ ਬਣਾਈ ਗਈ ਇਸ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਹਰ ਪੱਧਰ ਉੱਤੇ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਕਰਫਿਊ ਲੱਗਾ ਪਿਆ ਸੀ, ਸੰਗਤ ਗੁਰਦੁਆਰਿਆਂ ਵਿੱਚ ਜਾ ਨਹੀਂ ਸੀ ਸਕਦੀ, ਓਦੋਂ ਖਾਲਸੇ ਦੇ ਜਨਮ ਅਸਥਾਨ ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿੱਚ ਲੱਖਾਂ ਰੁਪਏ ਦੀ ਤਾਜ਼ਾ ਸਬਜ਼ੀ ਖਰੀਦੀ ਅਤੇ ਸੰਗਤ ਦੇ ਓਥੇ ਆਉਣ ਤੋਂ ਬਿਨਾਂ ਹੀ ਸੰਗਤ ਨੂੰ ਵਰਤਾਈ ਜਾਂਦੀ ਦਿਖਾਈ ਗਈ ਸੀ। ਰੌਲਾ ਪੈਣ ਮਗਰੋਂ ਛੋਟੇ ਬੰਦੇ ਦਾਅ ਉੱਤੇ ਲਾ ਕੇ ਵੱਡੀਆਂ ਪ੍ਰਬੰਧਕੀ ਤੋਪਾਂ ਅਤੇ ਧਾਰਮਿਕ ਪਦਵੀਆਂ ਦੇ ਮਾਲਕਾਂ ਨੂੰ ਬਚਾ ਲਿਆ ਸੀ। ਇਸ ਤੋਂ ਪਹਿਲਾਂ ਕੋਰੋਨਾ ਦੇ ਦੌਰ ਵਿੱਚ ਹੀ ਇਹ ਰੌਲਾ ਵੀ ਪਿਆ ਸੀ ਕਿ ਦਰਬਾਰ ਸਾਹਿਬ ਦੇ ਲੰਗਰ ਲਈ ਅਸਲੀ ਲੱਕੜਾਂ ਦੀ ਥਾਂ ਫਰ੍ਹੇ ਵਾਲੀਆਂ ਫੱਟੀਆਂ ਖਰੀਦਣ ਨਾਲ ਘਪਲਾ ਕੀਤਾ ਗਿਆ ਹੈ। ਓਦੋਂ ਪਹਿਲਾਂ ਲੰਗਰ ਵਿੱਚ ਆਉਂਦੇ ਘਿਓ ਅਤੇ ਬਹੁਤ ਸਾਰੀਆਂ ਹੋਰ ਵਸਤਾਂ ਦੀ ਖਰੀਦ ਦਾ ਵੀ ਘਪਲਾ ਨਿਕਲਿਆ ਸੀ। ਇੱਕ ਵਾਰੀ ਸ੍ਰੀ ਹਰਮੰਦਰ ਸਾਹਿਬ ਆਉਂਦੇ ਲੋਕਾਂ ਵੱਲੋਂ ਸ਼ਰਧਾ ਨਾਲ ਚੜ੍ਹਾਏ ਪ੍ਰਸ਼ਾਦਿ ਦੀਆਂ ਜਾਅਲੀ ਪਰਚੀਆਂ ਦਾ ਰੌਲਾ ਪਿਆ ਤਾਂ ਪਤਾ ਲੱਗਾ ਕਿ ਅਸਲ ਪਰਚੀਆਂ ਘੱਟ ਤੇ ਜਾਅਲੀ ਬਹੁਤ ਵੱਧ ਛਾਪ ਕੇ ਬਾਹਰ ਦੇ ਬਾਹਰ ਪੈਸੇ ਕਈ ਥਾਂਈਂ ਵੰਡੇ ਜਾਂਦੇ ਹਨ। ਇਹ ਮਾਮਲਾ ਵੀ ਉੱਛਲਿਆ ਸੀ ਕਿ ਸ੍ਰੀ ਹਰਮੰਦਰ ਸਾਹਿਬ ਅੰਦਰ ਚੜ੍ਹਦੇ ਚੰਦੋਏ ਬਾਅਦ ਵਿੱਚ ਉਨ੍ਹਾਂ ਹੀ ਦੁਕਾਨਾਂ ਨੂੰ ਪੁਚਾਏ ਜਾਂਦੇ ਹਨ ਅਤੇ ਥੋੜ੍ਹੀ ਜਿਹੀ ਡਰਾਈ ਕਲੀਨਿੰਗ ਦੇ ਬਾਅਦ ਦੋ-ਦੋ ਲੱਖ ਰੁਪਏ ਵਿੱਚ ਉਹੋ ਚੰਦੋਏ ਸ਼ਰਧਾਲੂਆਂ ਨੂੰ ਫਿਰ ਵੇਚ ਕੇ ਏਥੇ ਦਰਬਾਰ ਸਾਹਿਬ ਚੜ੍ਹਾਏ ਜਾਂਦੇ ਹਨ ਤੇ ਇੱਕ-ਇੱਕ ਚੰਦੋਆ ਕਈ ਵਾਰੀ ਵਿਕਦਾ ਹੈ। ਚੰਦੋਏ ਵੇਚਣ ਦਾ ਧੰਦਾ ਕਰਦੇ ਲੋਕਾਂ ਨਾਲ ਹਿੱਸਾ-ਪੱਤੀ ਅਗੇਤੀ ਰੱਖੀ ਜਾਂਦੀ ਤੇ ਸੰਗਤਾਂ ਨੂੰ ਸਿਰਫ ਉਨ੍ਹਾਂ ਦੁਕਾਨਾਂ ਤੋਂ ਹੀ ਚੰਦੋਏ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਇੱਕ ਵਾਰੀ ਇਹ ਮੁੱਦਾ ਉੱਠ ਪਿਆ ਸੀ ਕਿ ਸ੍ਰੀ ਹਰਮੰਦਰ ਸਾਹਿਬ ਦੇ ਅੰਦਰ ਬੁੱਕ ਕਰਵਾਏ ਜਾਂਦੇ ਆਖੰਡ ਪਾਠਾਂ ਦੀ ਜਾਅਲੀ ਬੁੱਕਿੰਗ ਕੀਤੀ ਜਾਂਦੀ ਹੈ ਤੇ ਜੇ ਪੰਜ ਕਮੇਟੀ ਵੱਲੋਂ ਬੁੱਕ ਕੀਤੇ ਜਾਂਦੇ ਹਨ ਤਾਂ ਓਸੇ ਦਿਨ ਵਿੱਚ ਪੰਜ-ਸੱਤ ਉਸ ਦੇ ਬਰਾਬਰ ਜਾਅਲੀ ਪਾਠ ਬੁੱਕ ਕੀਤੇ ਅਤੇ ਪੈਸੇ ਆਪਣੀ ਜੇਬ ਵਿੱਚ ਪਾਏ ਜਾਂਦੇ ਹਨ। ਇਸ ਦਾ ਪਤਾ ਲੱਗਣ ਮਗਰੋਂ ਕਾਰਵਾਈ ਇਸ ਕਰ ਕੇ ਨਹੀਂ ਸੀ ਕੀਤੀ ਗਈ ਕਿ ਇਸ ਤਰ੍ਹਾਂ ਕਰਨ ਵਾਲਾ ਬੰਦਾ ਇੱਕ ਸਿੰਘ ਸਾਹਿਬ ਦੇ ਪਰਵਾਰ ਵਿੱਚੋਂ ਸੀ ਅਤੇ ਸਿੰਘ ਸਾਹਿਬ ਦੀ ਅਕਾਲੀ ਲੀਡਰਸ਼ਿਪ ਨੂੰ ਕੁਝ ਖਾਸ ਮੁੱਦਿਆਂ ਉੱਤੇ ਹੁਕਮਨਾਮੇ ਜਾਰੀ ਕਰਨ ਲਈ ਲੋੜ ਸੀ।

ਅਸੀਂ ਇਸ ਅਦਾਰੇ ਅੰਦਰ ਹੁੰਦੇ ਭ੍ਰਿਸ਼ਟਾਚਾਰ ਦੇ ਏਨੇ ਕਿੱਸੇ ਸੁਣੇ ਹੋਏ ਤੇ ਅਖਬਾਰਾਂ ਵਿੱਚ ਛਪੀਆਂ ਖਬਰਾਂ ਦੀਆਂ ਏਨੀਆਂ ਕਤਰਨਾਂ ਸਾਡੇ ਕੋਲ ਪਈਆਂ ਹਨ ਕਿ ਇੱਕ ਵੱਡੀ ਫਾਈਲ ਬਣ ਸਕਦੀ ਹੈ। ਉਹ ਸਾਰੇ ਇਸ ਵੇਲੇ ਛਾਪਣ ਦੀ ਥਾਂ ਅਸੀਂ ਪਾਠਕਾਂ ਨੂੰ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਦੀਵੇ ਹੇਠ ਹਨੇਰਾ ਬਹੁਤ ਸੰਘਣਾ ਦਿੱਸਦਾ ਪਿਆ ਹੈ। ਜਿਹੜੇ ਗੁਰੂ ਘਰ ਵਿੱਚ ਲੋਕ ਸ਼ਰਧਾ ਨਾਲ ਮੱਥਾ ਟੇਕਣ ਜਾਂਦੇ ਹਨ, ਓਥੇ ਇਸ ਵੇਲੇ ਇਸ ਹੱਦ ਤੱਕ ਅਨ੍ਹੇਰ-ਖਾਤਾ ਪਿਆ ਹੋਇਆ ਹੈ ਕਿ ਉਸ ਦੀ ਸੜ੍ਹਿਆਂਦ ਆਪਣੀ ਭੜਾਸ ਦੇ ਨਾਲ ਹੀ ਭਬੂਕਾ ਬਣ ਕੇ ਬਾਹਰ ਨਿਕਲਣ ਲੱਗ ਪਈ ਹੈ। ਜਿਨ੍ਹਾਂ ਘਟਨਾਵਾਂ ਦੀ ਇਸ ਵਕਤ ਸਾਰੇ ਪਾਸੇ ਚਰਚਾ ਹੋ ਰਹੀ ਹੈ, ਉਹ ਇਸ ਭੜਾਸ ਦੀ ਇੱਕ ਕਿਸ਼ਤ ਹੀ ਹਨ, ਇੱਕੋ-ਇੱਕ ਨਹੀਂ ਹਨ।

# ਸਾਹਿਤ ਦੇ ਪੱਜ ਸਰਕਾਰੀ ਪੈਸੇ ਦੀ ਦੁਰਵਰਤੋਂ

-ਮਿੱਤਰ ਸੈਨ ਮੀਤ

ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਲਈ ਨਿਯੁਕਤ ਸਰਕਾਰੀ ਅਧਿਕਾਰੀ ਤੇ ਨੁਮਾਇੰਦੇ ਕਿਸ ਤਰ੍ਹਾਂ ਸਰਕਾਰੀ ਫੰਡਾਂ ਨੂੰ ਸੈਰ-ਸਪਾਟੇ ਅਤੇ ਐਸ਼ੋ-ਇਸ਼ਰਤ ਲਈ ਵਰਤਦੇ ਹਨ, ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਦੇ ਅਦਾਰੇ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੀਆਂ ਸਰਗਰਮੀਆਂ ਦੇ ਖਰਚ ਤੋਂ ਲੱਗ ਸਕਦਾ ਹੈ। ਅਜਿਹੇ ਸਵਾਰਥੀ ਪ੍ਰਬੰਧਕਾਂ ਕਾਰਨ ਪੰਜਾਬੀ ਸਾਹਿਤ ਤੇ ਭਾਸ਼ਾ ਦਾ ਵਿਕਾਸ ਨਹੀਂ ਹੁੰਦਾ।

ਸਾਹਿਤ ਅਕਾਦਮੀ ਦਿੱਲੀ ਦੀ ਸਥਾਪਨਾ ਵੱਖ-ਵੱਖ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਦੇ ਵਿਕਾਸ ਲਈ ਕੀਤੀ ਗਈ ਸੀ। ਇਸ ਲਈ ਹਰ ਭਾਸ਼ਾ ਦੇ ਸਲਾਹਕਾਰ ਬੋਰਡ ਦਾ ਗਠਨ ਕੀਤਾ ਜਾਂਦਾ ਹੈ। ਬੋਰਡ ਦੇ ਮੈਂਬਰ ਸਬੰਧਤ ਭਾਸ਼ਾ ਦੇ ਉਚ ਕੋਟੀ ਦੇ ਸਾਹਿਤਕਾਰ, ਚਿੰਤਕ, ਵਿਦਵਾਨ ਜਾਂ ਆਲੋਚਕ ਹੋਣ, ਉਨ੍ਹਾਂ ਦੀ ਆਪਣੀ ਭਾਸ਼ਾ ਦੇ ਵਿਕਾਸ ਲਈ ਵਚਨਬੱਧਤਾ ਜੱਗ ਜ਼ਾਹਰ ਹੋਵੇ। ਮੈਂਬਰਾਂ ਦੇ ਯੋਗਦਾਨ ਨੂੰ ਧਿਆਨ ਵਿੱਚ ਰੱਖ ਕੇ ਅਕਾਦਮੀ ਵੱਲੋਂ ਉਨ੍ਹਾਂ ਦੀ ਰਿਹਾਇਸ਼ ਤੇ ਸਫਰ ਆਦਿ ਲਈ ਮਿਆਰੀ ਪ੍ਰਬੰਧ ਕੀਤੇ ਜਾਂਦੇ ਹਨ। ਅਕਾਦਮੀ ਵੱਲੋਂ ਦਿੱਤੀ ਸੂਚਨਾ ਅਨੁਸਾਰ 2008 ਤੋਂ 2012 ਦੇ ਅਰਸੇ ਦੌਰਾਨ ਬੋਰਡ 'ਚ ਕਨਵੀਨਰ ਤੋਂ ਇਲਾਵਾ ਨੌਂ ਮੈਂਬਰ ਸਨ। ਇਨ੍ਹਾਂ ਵਿੱਚੋਂ ਇੱਕ ਵੀ ਮੈਂਬਰ ਸਾਹਿਤ ਆਕਾਦਮੀ, ਗਿਆਨਪੀਠ, ਸਰਸਵਤੀ ਆਦਿ ਪੁਰਸਕਾਰ ਨਾਲ ਸਨਮਾਨਤ ਨਹੀਂ ਸੀ। ਕੁਝ ਮੈਂਬਰਾਂ ਦੇ ਨਾਂਅ ਪੰਜਾਬ 'ਚ ਵਸਦੇ ਲੇਖਕਾਂ ਨੇ ਵੀ ਨਹੀਂ ਸੁਣੇ। ਬਹੁਤੇ ਮੈਂਬਰ ਦਿੱਲੀ, ਪੰਜਾਬ, ਹਰਿਆਣਾ ਅਤੇ ਜੰਮੂ ਕਸ਼ਮੀਰ ਨਾਲ ਸਬੰਧਤ ਸਨ।

ਬੀਤੇ ਵਰ੍ਹਿਆਂ ਤੋਂ ਦੇਖਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣੇ ਸਲਾਹਕਾਰ ਬੋਰਡ ਦੇ ਮੈਂਬਰ, ਭਾਸ਼ਾ ਦੇ ਵਿਕਾਸ ਦੀ ਥਾਂ ਸਰਕਾਰ ਵੱਲੋਂ ਮਿਲਐ ਲੱਖਾਂ ਰੁਪਏ ਸੈਰ ਸਪਾਟੇ ਅਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਖਰਚ ਕਰ ਰਹੇ ਹਨ। ਇਸ ਬਾਰੇ ਸਾਹਿਤ ਅਕਾਦਮੀ ਕੋਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਬੋਰਡਾਂ ਦੇ ਕੰਮ ਬਾਰੇ ਜਾਣਕਾਰੀ ਮੰਗੀ ਗਈ। ਅਰਜ਼ੀ ਵਿੱਚ ਸਲਾਹਕਾਰ ਬੋਰਡ ਤੇ ਕੰਮਾਂ ਬਾਰੇ ਸੂਚਨਾ ਮੰਗੀ ਗਈ ਸੀ ਜਿਸ ਵਿੱਚ ਬੋਰਡ ਦੀਆਂ ਮੀਟਿੰਗਾਂ, ਸਥਾਨਾਂ, ਮੀਟਿੰਗਾਂ 'ਚ ਲਏ ਫੈਸਲੇ, ਬੋਰਡ ਦੇ ਕਨਵੀਨਰ, ਮੈਂਬਰਾਂ ਤੇ ਸੱਦੇ ਗਏ ਵਿਅਕਤੀਆਂ ਨੂੰ ਦਿੱਤੇ ਗਏ ਟੀ ਏ, ਡੀ ਏ ਦਾ ਵੇਰਵਾ, ਵਿਸ਼ੇਸ਼ ਤੌਰ 'ਤੇ ਸੱਦੇ ਵਿਅਕਤੀਆਂ ਨੂੰ ਦਿੱਤੇ ਗਏ ਡੀ ਏ ਜਾਂ ਆਨਰੇਰੀਅਮ ਦਾ ਵੇਰਵਾ ਮੰਗਿਆ ਗਿਆ ਸੀ। ਅਕਾਦਮੀ ਨੇ ਵਿਸ਼ੇਸ਼ ਵਿਅਕਤੀਆਂ ਬਾਰੇ ਸੂਚਨਾ ਨਹੀਂ ਦਿੱਤੀ। ਹੋਟਲਾਂ 'ਚ ਉਨ੍ਹਾਂ ਦੇ ਠਹਿਰਨ ਬਾਰੇ ਵੀ ਅੰਸ਼ਿਕ ਸੂਚਨਾ ਦਿੱਤੀ ਹੈ। ਇਸ ਤੋਂ ਇਲਾਵਾ ਹੋਟਲਾਂ ਨੂੰ ਅਦਾ ਕੀਤੀ ਰਕਮ, ਮੀਟਿੰਗਾਂ 'ਤੇ ਹੋਏ ਕੁੱਲ ਖਰਚੇ ਦੇ ਵੇਰਵੇ ਤੋਂ ਬਿਨਾ ਅਕਾਦਮੀ ਦੇ ਉਨ੍ਹਾਂ ਅਧਿਕਾਰੀਆਂ ਦੇ ਨਾਵਾਂ ਦਾ ਵੇਰਵਾ ਵੀ ਮੰਗਿਆ ਸੀ, ਜਿਨ੍ਹਾਂ ਨੇ ਬੋਰਡ ਦੀ ਮੀਟਿੰਗ ਦਿੱਲੀ ਤੋਂ ਬਾਹਰ ਕਰਨ ਦੀ ਸਿਫਾਰਸ਼ ਕੀਤੀ ਅਤੇ ਮਨਜ਼ੂਰੀ ਦਿੱਤੀ ਸੀ। ਅਕਾਦਮੀ ਨੇ ਪਹਿਲਾਂ ਸੂਚਨਾ ਦੇਣ ਤੋਂ ਟਾਲ-ਮਟੋਲ ਕੀਤੀ। ਫਿਰ ਨਿਸ਼ਚਿਤ ਸਮੇਂ 'ਤੇ ਚੀਫ ਕਮਿਸ਼ਨਰ, ਕੇਂਦਰੀ ਸੂਚਨਾ ਕਮਿਸ਼ਨ ਕੋਲ ਅਪੀਲ ਕੀਤੀ ਤਾਂ ਮਜਬੂਰਨ ਅਕਾਦਮੀ ਵੱਲੋਂ ਕੁਝ ਸੂਚਨਾ ਦਿੱਤੀ ਅਤੇ ਕੁਝ ਲੁਕਾਅ ਲਈ ਹੈ। ਦਿੱਤੀ ਗਈ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਬੋਰਡ ਮੀਟਿੰਗਾਂ ਛੁੱਟੀਆਂ ਵਾਲੇ ਮਹੀਨਿਆਂ (ਮਈ ਤੋਂ ਅਕਤੂਬਰ) 'ਚ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਲਈ ਦੇਸ਼ ਦੀਆਂ ਮਸ਼ਹੂਰ ਸੈਰਗਾਹਾਂ ਵਾਲੇ ਸਥਾਨਾਂ ਦੀ ਚੋਣ ਕੀਤੀ ਗਈ। ਇਹ ਮੀਟਿੰਗਾਂ ਕੁਝ ਘੰਟੇ ਤੋਂ ਵੱਧ ਨਹੀਂ ਚੱਲੀਆਂ। ਹੈਰਾਨੀ ਦੀ ਗੱਲ ਹੈ ਕਿ ਕੁਝ ਘੰਟਿਆਂ ਦੀ ਮੀਟਿੰਗ ਲਈ ਹਜ਼ਾਰਾਂ ਕਿਲੋਮੀਟਰ ਦਾ ਸਫਰ ਕੀਤਾ ਗਿਆ। ਸਲਾਹਕਾਰ ਬੋਰਡ ਦੇ ਤਤਕਾਲੀ ਕਨਵੀਨਰ ਡਾ. ਦੀਪਕ ਮਨਮੋਹਨ ਸਿੰਘ ਦੀ ਕਨਵੀਨਰਸ਼ਿਪ ਵਿੱਚ 2008 ਤੋਂ 2011 ਦੌਰਾਨ ਸ੍ਰੀਨਗਰ, ਪਾਂਡੀਚੇਰੀ, ਨਵੀ ਦਿੱਲੀ, ਮੈਸੂਰ ਤੇ ਸ਼ਿਮਲਾ ਦੇ ਨਾਮੀ ਹੋਟਲਾਂ 'ਚ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ 'ਚ ਬੋਰਡ ਦੇ ਸੱਤ ਤੋਂ 10 ਮੈਂਬਰ ਅਤੇ ਦੋ ਮੈਂਬਰ ਅਕਾਦਮੀ ਦੇ ਸ਼ਾਮਲ ਰਹੇ। ਪੰਜ ਸ਼ਹਿਰਾਂ ਵਿੱਚ ਪੰਜ ਦਿਨ ਚੱਲੀਆਂ ਇਨ੍ਹਾਂ ਮੀਟਿੰਗਾਂ 'ਤੇ ਟੀ ਏ ਡੀ ਏ ਸਮੇਤ ਕੁੱਲ 5,36, 569 ਰੁਪਏ ਖਰਚਾ ਕੀਤਾ ਗਿਆ। ਅਕਾਦਮੀ ਵੱਲੋਂ ਸੂਚਨਾ ਵਿੱਚ ਕਿਤੇ ਵੱਧ ਤੇ ਕਿਤੇ ਘੱਟ ਖਰਚਾ ਵਿਖਾਇਆ ਗਿਆ, ਜੋ ਕਈ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਅਕਾਦਮੀ ਵੱਲੋਂ ਦਿੱਤੀ ਸੂਚਨਾ ਅਨੁਸਾਰ ਮੀਟਿੰਗ ਦੇ ਆਮ ਏਜੰਡੇ 'ਚ ਸਵਾਗਤ, ਪਿਛਲੀ ਮੀਟਿੰਗ ਦੀ ਕਾਰਵਾਈ ਦੀ ਤਸਦੀਕ, ਹੋਏ ਕੰਮ ਦੀ ਜਾਂਚ, ਜਾਰੀ ਰਹਿਣ ਵਾਲੀਆਂ ਅਸਾਈਨਮੈਂਟਾਂ, ਵਿਚਾਰ ਅਧੀਨ ਅਸਾਈਨਮੈਂਟਾਂ, ਪੰਜਾਬੀ ਅਨੁਵਾਦ ਲਈ ਇਨਾਮ ਦੇਣ ਲਈ ਮਾਹਿਰਾਂ ਦੀ ਨਿਯੁਕਤੀ, ਕੀਤੇ ਜਾਣ ਵਾਲੇ ਸੈਮੀਨਾਰ, ਅਨੁਵਾਦ ਵਰਕਸ਼ਾਪਾਂ, ਨਵੀਆਂ ਅਸਾਨੀਮੈਂਟਾਂ ਆਦਿ ਕੰਮ ਸ਼ਾਮਲ ਸਨ। ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿੱਚ ਸੰਨ 2008 ਤੋਂ 2012 ਤੱਕ ਜੋ ਫੈਸਲੇ ਲਏ ਗਏ, ਉਨ੍ਹਾਂ 'ਚ ਪਿਛਲੇ ਅਤੇ ਚੱਲ ਰਹੇ ਕੰਮ ਦੀ ਪੜਤਾਲ ਕੀਤੀ ਗਈ। ਸੰਨ 2008 ਦੀ ਮੀਟਿੰਗ ਵਿੱਚ ਸਾਹਿਤ ਅਕਾਦਮੀ ਅਨੁਵਾਦ ਇਨਾਮ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼ ਤੋਂ ਇਲਾਵਾ ਵਾਰਿਸ ਸ਼ਾਹ, ਸੰਤ ਸਿੰਘ ਸੇਖੋਂ ਤੇ ਦਵਿੰਦਰ ਸਤਿਆਰਥੀ ਬਾਰੇ ਸੈਮੀਨਾਰ, ਪੰਜਾਬੀ ਤੋਂ ਅੰਗਰੇਜ਼ੀ ਵਿੱਚ ਆਧੁਨਿਕ ਪੰਜਾਬੀ ਕਹਾਣੀ ਦੇ ਅਨੁਵਾਦ ਲਈ ਸ਼ਿਮਲਾ ਵਿੱਚ ਹੋਣ ਵਾਲੀ ਅਨੁਵਾਦ ਵਰਕਸ਼ਾਪ ਦਾ ਫੈਸਲਾ ਲਿਆ ਗਿਆ ਹੈ ਤੇ ਪ੍ਰੋ. ਤਰਲੋਚਨ ਸਿੰਘ ਬੇਦੀ ਵੱਲੋਂ ਇੱਕ ਤਾਮਿਲ ਪੁਸਤਕ ਦਾ ਪੰਜਾਬੀ ਵਿੱਚ ਅਨੁਵਾਦ ਕੀਤੇ ਜਾਣ ਦੀ ਬੇਨਤੀ ਰੱਦ ਕੀਤੀ ਗਈ।

ਇਸੇ ਤਰ੍ਹਾਂ 2009 ਦੀ ਮੀਟਿੰਗ 'ਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼, ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਦੋ ਰੋਜ਼ਾ 'ਪਰੋਬਲਮੈਟਿਕਸ ਆਫ ਟਰਾਂਸਨੈਸ਼ਨਲ ਪੰਜਾਬੀ ਕਲਚਰ ਐਂਡ ਲਿਟਰੇਚਰ' ਦਾ ਸੈਮੀਨਾਰ, ਤਾਮਿਲ ਕਵਿਤਾ ਨੂੰ ਪੰਜਾਬੀ ਵਿੱਚ ਅਨੁਵਾਦ ਬਾਰੇ ਅੰਮ੍ਰਿਤਸਰ ਵਿੱਚ ਵਰਕਸ਼ਾਪ ਕਰਨ ਦਾ ਸੁਝਾਅ, ਕੋਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਸਬੰਧੀ ਗੋਆ ਵਿਖੇ ਵਰਕਸ਼ਾਪ ਕਰਨ ਦਾ ਸੁਝਾਅ, ਚਾਰ ਪੰਜਾਬੀ ਪੁਸਤਕਾਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ, ਕਰਤਾਰ ਸਿੰਘ ਦੁੱਗਲ ਅਤੇ ਗੁਰਦਿਆਲ ਸਿੰਘ ਬਾਰੇ ਅੰਗਰੇਜ਼ੀ 'ਚ ਕਿਤਾਬਚੇ ਤਿਆਰ ਕਰਨ ਤੋਂ ਇਲਾਵਾ ਪੰਦਰਾਂ ਨਵੀਆਂ ਅਸਾਈਨਮੈਂਟਾਂ ਸ਼ਾਮਲ ਸਨ, ਜਿਨ੍ਹਾਂ 'ਚ ਅੱਠ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ ਸ਼ਾਮਲ ਸੀ। ਸੰਨ 2010 ਦੀ ਮੀਟਿੰਗ ਵਿੱਚ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਲਈ ਮਾਹਿਰਾਂ ਤੇ ਜਿਊਰੀ ਮੈਂਬਰਾਂ ਦੀ ਸੂਚੀ ਬਣਾਉਣ ਦੀ ਸਿਫਾਰਸ਼ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਤਾਬਦੀ ਮੌਕੇ 'ਵਾਚਨਾ ਸਾਹਿਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਲਨਾਤਮਕ ਅਧਿਐਨ' ਬਾਰੇ ਮੈਸੂਰ ਤੇ ਵਿਦੇਸ਼ ਵਿੱਚ ਵਰਲਡ ਪੰਜਾਬੀ ਸੈਂਟਰ ਅਤੇ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਸਬੰਧੀ 'ਭਾਰਤੀ ਕਵਿਤਾ ਕਾ ਛੰਦ ਸ਼ਾਸਤਰ' ਵਿਸ਼ੇ 'ਤੇ ਸੈਮੀਨਾਰ ਕਰਨ, ਤਾਮਿਲ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਅੰਮ੍ਰਿਤਸਰ 'ਚ ਵਰਕਸ਼ਾਪ ਦੀ ਮਨਜ਼ੂਰੀ, ਕੋਂਕਣੀ ਕਵਿਤਾ ਦੇ ਪੰਜਾਬੀ 'ਚ ਅਨੁਵਾਦ ਬਾਰੇ ਗੋਆ ਵਿਖੇ ਵਰਕਸ਼ਾਪ ਦੀ ਮਨਜ਼ੂਰੀ, ਚਾਰ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਪੰਜਾਬੀ ਤੇ ਤਿੰਨ ਪੰਜਾਬੀ ਪੁਸਤਕਾਂ ਦਾ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਦਾ ਫੈਸਲਾ ਲਿਆ ਗਿਆ। ਅਜਿਹੇ ਹੀ ਫੈਸਲੇ ਅਗਲੇ ਦੋ ਸਾਲਾਂ ਦੀਆਂ ਮੀਟਿੰਗਾਂ 'ਚ ਲਏ ਗਏ। ਇਨ੍ਹਾਂ ਮੀਟਿੰਗਾਂ 'ਤੇ ਵੱਡੇ ਖਰਚਿਆਂ ਤੋਂ ਜ਼ਾਹਰ ਹੈ ਕਿ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰਾਂ ਦਾ ਉਦੇਸ਼ ਦੇਸ਼ ਦੀਆਂ ਉਚ ਕੋਟੀ ਦੀਆਂ ਸੈਰਗਾਹਾਂ ਦੀ ਸੈਰ ਕਰਨਾ ਤੇ ਮਹਿੰਗੇ ਹੋਟਲਾਂ 'ਚ ਰਹਿਣਾ, ਆਪਣੇ ਸਮਰਥਕਾਂ ਨੂੰ ਗੋਆ, ਮਦੁਰਾਏ, ਸ੍ਰੀਨਗਰ, ਸ਼ਿਮਲਾ, ਮੁੰਬਈ, ਕੋਲਕਾਤਾ ਆਦਿ ਸ਼ਹਿਰਾਂ ਦੀ ਸੈਰ ਕਰਾਉਣਾ ਹੈ। ਅਕਾਦਮੀ ਵੱਲੋਂ ਪੰਜਾਬ 'ਚ ਇੱਕਾ-ਦੁੱਕਾ ਸਮਾਗਮ ਕੀਤੇ ਜਾਂਦੇ ਹਨ। ਬਹੁਤੇ ਸਮਾਗਮ ਵਿਦੇਸ਼ ਜਾਂ ਪੰਜਾਬ ਤੋਂ ਬਾਹਰ ਕੀਤੇ ਜਾਂਦੇ ਹਨ। ਪੰਜਾਬ 'ਚ ਕਰਾਏ ਜਾਂਦੇ ਸਮਾਗਮਾਂ ਵਿੱਚ ਵੀ ਸਿਰਜਕ ਲੇਖਕਾਂ ਤੇ ਗੰਭੀਰ ਪਾਠਕਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸਗੋਂ ਬੋਰਡ ਮੈਂਬਰਾਂ ਵੱਲੋਂ ਆਪਣੇ ਸਮਰਥਕਾਂ ਨੂੰ ਸੈਰ ਸਪਾਟੇ ਦਾ ਮੌਕਾ ਦਿੱਤਾ ਜਾਂਦਾ ਹੈ। ਪੁਸਤਕਾਂ ਲਿਖਣ, ਅਨੁਵਾਦ ਕਰਵਾਉਣ ਦਾ ਕੰਮ ਵੀ ਬੋਰਡ ਦੇ ਮੈਂਬਰਾਂ ਵੱਲੋਂ ਖੁਦ ਕੀਤਾ ਜਾਂਦਾ ਜਾਂ ਆਪਣੇ ਸਮਰਥਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਅਕਾਦਮੀ ਵੱਲੋਂ ਇਸ ਲਈ ਦਿੱਤੀ ਜਾਂਦੀ ਵੱਡੀ ਰਕਮ ਆਪਣੀ ਜੇਬ 'ਚ ਪਾ ਸਕਣ। ਪੰਜਾਬੀ ਤੋਂ ਹੋਰ ਭਾਸ਼ਾਵਾਂ 'ਚ ਅਨੁਵਾਦ ਲਈ ਕੇਵਲ ਉਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਿਹੜੇ ਸਲਾਹਕਾਰਾਂ ਦੇ ਕਰੀਬੀ ਹੁੰਦੇ ਹਨ। ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਪੁਸਤਕਾਂ ਨੂੰ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਕਰਵਾਉਣ ਲਈ ਕੋਈ ਯਤਨ ਨਹੀਂ ਕੀਤੇ ਜਾਂਦੇ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਗਲਾਸਗੋ ਬੰਬ ਕਾਂਡ ਦਾ ਦੋਸ਼ੀ ਭਾਰਤੀ ਏਜੰਸੀ ਦੇ ਅੜਿੱਕੇ ਚੜ੍ਹਿਆ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਸਾਲ 2007 ਵਿੱਚ ਬ੍ਰਿਟੇਨ ਦੇ ਗਲਾਸਗੋ ਹਵਾਈ ਅੱਡੇ ’ਤੇ ਹੋਏ ਹਮਲੇ ਦੇ ਸਬੰਧ ਵਿੱਚ ਐਨ ਆਈ ਏ ਦੇ ਹੱਥ ਵੱਡੀ ਸਫਲਤਾ ਲੱਗੀ ਹੈ। ਜਾਂਚ ਏਜੰਸੀ ਨੇ ਲਸ਼ਕਰ ਏ ਤੋਇਬਾ ਦੇ ਇੱਕ ਅੱਤਵਾਦੀ ਨੂੰ ਓਦੋਂ ਗ੍ਰਿਫਤਾਰ ਕੀਤਾ, ਜਦ ਉਸ ਨੂੰ ਸਾਊਦੀ ਅਰਬ ਤੋਂ ਭਾਰਤ ਲਿਆਂਦਾ ਗਿਆ ਸੀ।



ਅਧਿਕਾਰੀਆਂ ਨੇ ਇਸ ਦੀ ਕੱਲ੍ਹ ਜਾਣਕਾਰੀ ਦਿੱਤੀ। ਜਾਂਚ ਨਾਲ ਜੁੜੇ ਐਨ ਆਈ ਏ ਦੇ ਉਚ ਅਧਿਕਾਰੀਆਂ ਦੇ ਦੱਸਣ ਮੁਤਾਬਕ ਸ਼ਬੀਲ ਅਹਿਮਦ ਨੂੰ ਸ਼ੁੱਕਰਵਾਰ ਦੇਰ ਰਾਤ ਭਾਰਤ ਲਿਆਂਦਾ ਗਿਆ ਸੀ। ਇੱਕ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ ਕਿ ਅਹਿਮਦ ਸਾਲ 2010-11 ਵਿੱਚ ਬੰਗਲੌਰ ਤੋਂ ਸਾਊਦੀ ਅਰਬ ਦੌੜ ਗਿਆ ਸੀ। ਸਾਲ 2007 ਵਿੱਚ ਉਸ ਨੂੰ ਇਸ ਹਮਲੇ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਅਹਿਮਦ ਬ੍ਰਿਟੇਨ ਏਅਰਪੋਰਟ ’ਤੇ ਹੋਏ ਹਮਲੇ ਦੇ ਮਾਸਟਰ ਮਾਈਂਡ ਅਹਿਮਦ ਦਾ ਚਚੇਰਾ ਭਰਾ ਹੈ। ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਲ 2015 ਵਿੱਚ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਵੱਲੋਂ ਦਰਜ ਇੱਕ ਕੇਸ ਵਿੱਚ ਵੀ ਉਹ ਲੋੜੀਦਾ ਸੀ ਅਤੇ 12 ਜੁਲਾਈ 2016 ਨੂੰ ਦਿੱਲੀ ਦੀ ਇੱਕ ਅਦਾਲਤ ਨੇ ਅਪਰਾਧੀ ਐਲਾਨ ਕੀਤਾ ਸੀ। ਅਗਸਤ 2017 ਵਿੱਚ ਭਾਰਤ ਦੀਆਂ ਏਜੰਸੀਆਂ ਨੇ ਭਾਰਤੀ ਉਪ ਮਹਾਂਦੀਪ ਵਿੱਚ ਮੌਜੂਦ ਅਲ ਕਾਇਦਾ ਦੇ ਸੰਗਠਨ (ਕਿਊ ਆਈ ਐਸ) ਦੇ ਇੱਕ ਹੋਰ ਮੈਂਬਰ ਸੈਯਦ ਮੁਹੰਮਦ ਜੀਸ਼ਾਨ ਅਲੀ ਨੂੰ ਸਾਊਦੀ ਅਰਬ ਤੋਂ ਇਥੇ ਲਿਆਂਦਾ ਸੀ। ਮੰਨਿਆ ਜਾਂਦਾ ਹੈ ਕਿ ਉਸ ਦਾ ਵਿਆਹ ਅਹਿਮਦ ਦੀ ਭੈਣ ਨਾਲ ਹੋਇਆ ਹੈ।

# ਕੋਰੋਨਾ ਦੇ ਕਾਰਨ ਮੁੰਬਈ ਦੀ ਧਾਰਾਵੀ ਬਸਤੀ ਦੀਆਂ 50 ਫੀਸਦੀ ਦੁਕਾਨਾਂ ਖਾਲੀ ਹੋ ਗਈਆਂ

ਮੁੰਬਈ, 30 ਅਗਸਤ (ਪੋਸਟ ਬਿਊਰੋ)- ਇੱਕ ਦੁਕਾਨਦਾਰ ਨੇ ਦੱਸਿਆ ਕਿ ‘ਮੈਂ ਸਵੇਰੇ 9 ਵਜੇ ਦੁਕਾਨ ਉਤੇ ਆਇਆ ਅਤੇ ਸ਼ਾਮ ਦੇ 7 ਵਜੇ ਤੱਕ ਇੱਕ ਵੀ ਗਾਹਕ ਨਹੀਂ ਆਇਆ। ਮੁੰਬਈ ਦੇ ਧਾਰਾਵੀ ਇਲਾਕੇ ਤੋਂ ਲੈਦਰ ਸਮੇਤ ਹੋਰ ਸਾਮਾਨ ਦੀ ਐਕਸਪੋਰਟ ਲਗਭਗ ਠੱਪ ਹੋ ਗਈ ਹੈ।’



ਧਾਰਾਵੀ ਲੈਦਰ ਗੁਡਸ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਵਰਕਿੰਗ ਪ੍ਰੈਜ਼ੀਡੈਂਟ ਰਾਜੇਸ਼ ਸੋਨਾਵਣੇ ਦਾ ਕਹਿਣਾ ਹੈ ਕਿ ਕੋਰੋਨਾ ਦੇ ਕਾਰਨ ਧਾਰਾਵੀ ਖੇਤਰ ਦੀ ਬਦਨਾਮੀ ਪਿੱਛੋਂ ਏਥੇ ਗਾਹਕ ਨਹੀਂ ਆਉਂਦੇ, ਜਿਸ ਕਾਰਨ ਜਿਨਾਂ ਲੋਕਾਂ ਨੇ ਕਿਰਾਏ ’ਤੇ ਦੁਕਾਨਾਂ ਲਈਆਂ ਸਨ। ਉਨ੍ਹਾਂ ਵਿੱਚੋਂ ਪੰਜਾਹ ਫੀਸਦੀ ਨੇ ਦੁਕਾਨਾਂ ਖਾਲੀ ਕਰ ਦਿੱਤੀਆਂ ਹਨ। ਮਾਰਕੀਟ ਵਿਚ ਮੰਗ ਨਾ ਹੋਣ ਕਾਰਨ ਦੁਕਾਨਦਾਰ ਕਿਰਾਇਆ ਤੱਕ ਦੇਣ ਤੋਂ ਅਸਮਰਥ ਹਨ। ਸਿਰਫ ਫਾਰਮਾਸਿਊਟੀਕਲ ਕੰਪਨੀ ਅਤੇ ਥੋੜੀ ਬਹੁਤ ਗਿਫਟ ਦੇ ਸਾਮਾਨ ਦੀ ਪੁੱਛਗਿੱਛ ਹੁੰਦੀ ਹੈ। ਹਬ ਆਫ ਇੰਟਰਨੈਸ਼ਨਲ ਐਕਸਪੋਰਟ ਕਹੇ ਜਾਂਦੇ ਧਾਰਾਵੀ ਵਿੱਚ ਕੋਰੋਨਾ ਦੇ ਕਾਰਨ ਲੋਕ ਆਉਣ ਤੋਂ ਡਰਨ ਲੱਗੇ ਹਨ। ਇਸ ਇਲਾਕੇ ਵਿੱਚ ਅੱਜ ਤੱਕ 2700 ਤੋਂ ਵੱਧ ਕੋਰੋਨਾ ਦੇ ਮਰੀਜ਼ ਮਿਲੇ ਹਨ, ਪਰ ਇਸ ਵਕਤ ਐਕਟਿਵ ਕੇਸ 100 ਤੋਂ ਵੀ ਘੱਟ ਹਨ। ਇਸ ਦੇ ਬਾਵਜੂਦ ਏਥੇ ਆਉਣ ਤੋਂ ਗਾਹਕ ਡਰਦੇ ਹਨ।

ਏਥੋਂ ਦਾ ਇਲਾਕਾ ਕੁੰਭਾਰਵਾੜਾ ਮਿੱਟੀ ਦੇ ਸਾਮਾਨ ਲਈ ਪੂਰੀ ਮੁੰਬਈ ਵਿੱਚ ਮਸ਼ਹੂਰ ਹੈ। ਇਸ ਦੇ ਪਰਜਾਪਤੀ ਸਹਿਕਾਰੀ ਉਤਪਾਦਕ ਸੰਘ ਦੇ ਮੁਖੀ ਕਮਲੇਸ਼ ਚਿਤਰੋਡਾ ਨੇ ਦੱਸਿਆ ਕਿ ਨਰਾਤਿਆਂ ਤੋਂ ਦੀਵਾਲੀ ਤੱਕ ਸਾਡੇ ਦੋ ਲੱਖ ਦੀਵੇ ਵਿਕ ਜਾਂਦੇ ਸਨ। ਇਸ ਵਾਰ ਓਨੇ ਦੀਵੇ ਨਹੀਂ ਬਣੇ। ਕੋਰੋਨਾ ਕਾਰਨ ਮਜ਼ਦੂਰਾਂ ਦੀ ਭਾਰੀ ਕਮੀ ਹੈ। ਗੋਦਾਮ ਵਿੱਚ ਮਜ਼ਦੂਰ ਸੋਸ਼ਲ ਡਿਸਟੈਂਸਿੰਗ ਦੇ ਕਾਰਨ ਇਕੱਠੇ ਨਹੀਂ ਹੋ ਰਹੇ। ਉਨ੍ਹਾਂ ਨੂੰ ਸਿਹਤ ਦੇ ਨਾਲ-ਨਾਲ ਜੁਰਮਾਨੇ ਦਾ ਵੀ ਡਰ ਹੈ। ਚਿਤਰੋਡਾ ਦੇ ਅਨੁਸਾਰ ਧਾਰਾਵੀ ਵਿੱਚ ਮਿੱਟੀ ਦੇ ਦੀਵੇ ਬਣਾਉਣ ਦਾ ਕੰਮ ਘੱਟੋ-ਘੱਟ ਦੋ-ਤਿੰਨ ਮਹੀਨੇ ਪਹਿਲਾਂ ਸ਼ੁਰੂ ਹੁੰਦਾ ਸੀ, ਇਸ ਵਾਰ ਕਰੀਬ ਪੰਜਾਹ ਫੀਸਦੀ ਦੀਵੇ ਹੀ ਬਣਾ ਸਕਣਗੇ। ਲਾਕਡਾਊਨ ਕਾਰਨ ਲੋੜੀਂਦੀ ਮਾਤਰਾ ਵਿੱਚ ਮਿੱਟੀ ਵੀ ਨਹੀਂ ਆ ਸਕੀ। ਚਿਤਰੋਡਾ ਦਾ ਅੰਦਾਜ਼ਾ ਹੈ ਕਿ ਜੇ ਬਾਜ਼ਾਰ ਵਿੱਚ ਡਿਮਾਂਡ ਸੁਸਤ ਰਹੀ ਤਾਂ ਐਤਕੀਂ ਮੁੰਬਈ ਵਿੱਚ ਦੀਵਾਲੀ ਮੌਕੇ ’ਤੇ ਦੀਵਿਆਂ ਦੀ ਕਿੱਲਤ ਹੋਣ ਦੀ ਸੰਭਾਵਨਾ ਹੈ।

ਧਾਰਾਵੀਂ ਦੇ ਕਾਮਰਾਜ ਨਗਰ ਲੈਦਰ ਸ਼ਾਪ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਚੰਦਰ ਕਾਂਤ ਪੋਟੇ ਦੇ ਮੁਤਾਕਬ ਇਥੇ ਵਿਕਣ ਵਾਲੇ ਜ਼ਿਆਦਾਤਰ ਆਈਟਮ ਨਾਨ ਅਸੈਂਸ਼ੀਅਲ ਹਨ। ਇਸ ਲਈ ਧੰਦਾ ਮੰਦਾ ਚੱਲ ਰਿਹਾ ਹੈ। ਉਹ ਵੀ ਸੋਨਾਵਣੇ ਦੀ ਇਸ ਗੱਲ ਨਾਲ ਸਹਿਮਤ ਹਨ ਕਿ ਧਾਰਾਵੀ ਵਿੱਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਵੱਡੇ ਪੱਧਰ ’ਤੇ ਵਧਣ ਦੀ ਖਬਰ ਨਾਲ ਇਥੋਂ ਦੇ ਉਦਯੋਗ-ਧੰਦਿਆਂ ਨੂੰ ਬਹੁਤ ਨੁਕਸਾਨ ਹੋਇਆ ਹੈ।

ਮੁੰਬਈ ਨਗਰ ਪਾਲਿਕਾ, ਜਿਸ ਜੀ-ਨਾਰਥ ਵਾਰਡ ਵਿੱਚ ਧਾਰਾਵੀ ਦਾ ਇਲਾਕਾ ਹੈ, ਦੇ ਸਹਾਇਕ ਕਮਿਸ਼ਨਰ ਕਿਰਨ ਦਿਘਾਵਕਰ ਦੱਸਦੇ ਹਨ ਕਿ ਢਾਈ ਵਰਗ ਕਿਲੋਮੀਟਰ ਦੇ ਧਾਰਾਵੀ ਵਿੱਚ ਪੰਜ ਹਜ਼ਾਰ ਜੀ ਐਸ ਟੀ ਰਜਿਸਟਰਡ ਇੰਟਰਪ੍ਰਾਈਜਿਜ਼ ਹਨ। ਇਸ ਦੇ ਇਲਾਵਾ 15 ਹਜ਼ਾਰ ਇਕ-ਇਕ ਕਮਰੇ ਦੀਆਂ ਫੈਕਟਰੀਆਂ ਹਨ। ਧਾਰਾਵੀ ਇਲਾਕੇ ਦਾ ਸਾਲਾਨਾ ਟਰਨ ਓਵਰ ਕਰੀਬ ਸੱਤ ਹਜ਼ਾਰ ਕਰੋੜ ਰੁਪਏ ਹੈ, ਜਿਸ ਦੀ ਵਜ੍ਹਾ ਨਾਲ ਧਾਰਾਵੀ ਨੂੰ ‘ਹੱਬ ਆਫ ਇੰਟਰਨੈਸ਼ਨਲ ਐਕਸਪੋਰਟ’ ਕਿਹਾ ਜਾਂਦਾ ਹੈ, ਪਰ ਧਾਰਾਵੀ ਦੀ ਲੈਦਰ ਇੰਡਸਟਰੀਜ਼ ਹੋਵੇ, ਪਲਾਸਟਿਕ ਰੀਸਾਈਕਲਿੰਗ ਇੰਡਸਟਰੀਜ਼ ਹੋਵੇ, ਗਾਰਮੈਂਟ ਫੈਕਟਰੀ ਹੋਵੇ ਜਾਂ ਫਿਰ ਮੈਟਲ ਇੰਡਸਟਰੀਜ਼ ਹੋਵੇ ਇਨ੍ਹਾਂ ਸਾਰਿਆਂ ਦੀ ਹਾਲਤ ਅੱਜ ਖਸਤਾ ਹੈ।

## ਡਿਪਰੈਸ਼ਨ ਦੇ ਚਲਦੇ ਕੁੜੀ ਨੇ ਆਪਣੀ ਮਾਂ ਤੇ ਭਰਾ ਦਾ ਕਤਲ ਕਰ ਛੱਡਿਆ

ਲਖਨਊ, 30 ਅਗਸਤ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਪਾਸ਼ ਇਲਾਕੇ ਗੌਤਮ ਪੱਲੀ ਰੇਲਵੇ ਕਾਲੋਨੀ ਵਿੱਚ ਹੋਏ ਡਬਲ ਮਰਡਰ ਦਾ ਪੁਲਸ ਨੇ ਖੁਲਾਸਾ ਕਰ ਦਿੱਤਾ ਹੈ।

ਪੁਲਸ ਕਮਿਸ਼ਨਰ ਸੁਜੀਤ ਪਾਂਡੇ ਨੇ ਦੱਸਿਆ ਕਿ ਵਾਰਦਾਤ ਕਿਸੇ ਹੋਰ ਨੇ ਨਹੀਂ, ਅਧਿਕਾਰੀ ਦੀ ਨਾਬਾਲਗ ਧੀ ਕੁਹੂ ਨੇ ਕੀਤੀ ਹੈ, ਜੋ ਡਿਪਰੈਸ਼ਨ ਦੀ ਸ਼ਿਕਾਰ ਹੈ। ਵਰਨਣ ਯੋਗ ਹੈ ਕਿ ਭਾਰਤੀ ਰੇਲ ਆਵਾਜਾਈ ਸੇਵਾ (ਆਈ ਆਰ ਟੀ ਐਸ) ਦੇ ਸੀਨੀਅਰ ਅਧਿਕਾਰੀ ਆਰ ਡੀ ਵਾਜਪਾਈ ਦੀ ਪਤਨੀ ਮਾਲਕੀ ਵਾਜਪਾਈ (50) ਤੇ ਪੁੱਤਰ ਸ਼ਰਦ ਵਾਜਪਾਈ (20) ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਦੋਂ ਖਬਰ ਆਈ ਤਾਂ ਪ੍ਰਸ਼ਾਸਨ ਵਿੱਚ ਤਰਥੱਲੀ ਮਚ ਗਈ ਕਿਉਂਕਿ ਵਾਰਦਾਤ ਮੁੱਖ ਮੰਤਰੀ ਰਿਹਾਇਸ਼ ਤੋਂ ਕੁਝ ਹੀ ਦੂਰ ਵਾਪਰੀ ਸੀ। ਰਾਜਧਾਨੀ ਲਖਨਊ ਦੇ ਗੌਤਮ ਪੱਲੀ ਥਾਣਾ ਖੇਤਰ ਦੇ ਵਿਵੇਕਾਨੰਦ ਮਾਰਗ ’ਤੇ ਇਹ ਸਰਕਾਰੀ ਰੇਲਵੇ ਰਿਹਾਇਸ਼ ਹੈ, ਜਿਸ ਦੇ ਬੰਗਲਾ ਨੰਬਰ ਇੱਕ ਵਿੱਚ ਰੇਲ ਅਧਿਕਾਰੀ ਆਰ ਡੀ ਵਾਜਪਾਈ ਰਹਿੰਦੇ ਹਨ। ਰੇਲਵੇ ਦੇ ਵੱਡੇ ਅਧਿਕਾਰੀ ਦੇ ਘਰ ਦੋਹਰੇ ਕਤਲ ਕਾਂਡ ਦੀ ਸੂਚਨਾ ਮਿਲਦੇ ਸਾਰ ਡੀ ਜੀ ਪੀ ਅਤੇ ਪੁਲਸ ਕਮਿਸ਼ਨਰ ਵੀ ਮੌਕੇ ’ਤੇ ਪਹੁੰਚ ਗਏ ਸਨ।

## ਮਾਸਕ ਨੂੰ ਫੌਜੀ ਵਰਦੀ ਦਾ ਹਿੱਸਾ ਬਣਾਉਣ ਬਾਰੇ ਪ੍ਰੋਟੋਕਾਲ ਤੈਅ ਹੋਣ ਲੱਗੇ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਭਾਰਤੀ ਫੌਜ ਵਿੱਚ ਅੱਜਕੱਲ੍ਹ ਬਹਿਸ ਚੱਲ ਰਹੀ ਹੈ। ਕੋਰੋਨਾ ਸੰਕਟ ਨੇ ਫੌਜ ਦੀ ਆਲਿਵ ਗ੍ਰੀਨ, ਸਮੁੰਦਰੀ ਫੌਜ ਅਤੇ ਹਵਾਈ ਫੌਜ ਦੀ ਬਲਿਊ ਵਰਦੀ ਨਾਲ ਮਾਸਕ ਨੂੰ ਜ਼ਰੂਰੀ ਤੌਰ ’ਤੇ ਜੋੜ ਦਿੱਤਾ ਹੈ। ਇਸ ਮਹਾਮਾਰੀ ਦੀ ਇਨਫੈਕਸ਼ਨ ਦੀ ਸ਼ੁਰੂਆਤ ਵੇਲੇ ਹਰ ਜਵਾਨ ਅਤੇ ਅਧਿਕਾਰੀ ਦੇ ਚਿਹਰੇ ’ਤੇ ਸਰਜੀਕਲ ਮਾਸਕ ਦਿਖਾਈ ਦਿੱਤੇ ਸਨ, ਪਰ ਜਿਵੇਂ ਜਿਵੇਂ ਇਹ ਦੌਰ ਲੰਬਾ ਹੁੰਦਾ ਜਾਂਦਾ ਹੈ, ਮਾਸਕ ਦੇ ਰੰਗ ਬਦਲਣ ਲੱਗੇ ਹਨ। ਅਨਲਾਕ ਦੇ ਦੌਰ ਵਿੱਚ ਫੌਜੀ ਸਮਾਗਮ ਵੇਲੇ ਵਰਦੀ ਦੇ ਨਾਲ ਮਿਲਦੇ ਮਾਸਕ ਦਾ ਪ੍ਰਬੰਧ ਵੀ ਕੀਤਾ ਗਿਆ।

ਵਰਨਣ ਯੋਗ ਹੈ ਕਿ ਫੌਜ ਦੀ ਪਾਸਿੰਗ ਆਊਟ ਪਰੇਡ ਵਿੱਚ ਸਾਰੇ ਕੈਡੇਟ ਚਿੱਟੇ ਮਾਸਕ ਪਾ ਕੇ ਮਾਰਚ ਕਰਦੇ ਵੇਖੇ ਗਏ ਸਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਲੱਦਾਖ ਵਿੱਚ ਫੌਜੀਆਂ ਨੂੰ ਸੰਬੋਧਨ ਕਰਨ ਗਏ ਤਾਂ ਹਰ ਅਧਿਕਾਰੀ ਅਤੇ ਜਵਾਨ ਦੇ ਮੂੰਹ ’ਤੇ ਵਰਦੀ ਦੇ ਰੰਗ ਨਾਲ ਮੇਲ ਖਾਂਦੇ ਹੋਏ ਡਾਰਕ ਗ੍ਰੀਨ ਕਲਰ ਦੇ ਮਾਸਕ ਸਨ, ਜੋ ਬਹੁਤ ਹੱਦ ਤੱਕ ਕਾਲੇ ਰੰਗ ਦੇ ਨੇੜੇ ਸਨ। ਫੌਜ ਵਿੱਚ ਵਰਦੀ ਅਤੇ ਪਹਿਰਾਵੇ ਨਾਲ ਜੁੜੇ ਮਾਮਲਿਆਂ ਵਿੱਚ ਫੈਸਲਾ ਲੈਣ ਦਾ ਅਧਿਕਾਰ ਸੈਰੇਮੋਨੀਅਲ ਅਤੇ ਐਜੂਟੈਂਟ ਬ੍ਰਾਂਚ ਦਾ ਹੈ। ਇਨ੍ਹਾਂ ਦੋਵਾਂ ਬ੍ਰਾਂਚਾਂ ਦੇ ਸੂਤਰਾਂ ਮੁਤਾਬਕ ਮਾਸਕ ਬਾਰੇ ਇਕਰੂਪਤਾ ਦਾ ਫੈਸਲਾ ਲੈਣ ਲਈ ਵਿਚਾਰ ਚੱਲ ਰਹੀ ਹੈ, ਪਰ ਅਜੇ ਕੋਈ ਫੈਸਲਾ ਨਹੀਂ ਹੋਇਆ। ਇਸ ਦੇ ਦੋ ਕਾਰਨ ਹਨ। ਇੱਕ ਇਹ ਤੈਅ ਨਹੀਂ ਕਿ ਮਾਸਕ ਮਹਾਮਾਰੀ ਦੇ ਸਮੇਂ ਦਾ ਪ੍ਰਬੰਧ ਹੈ ਜਾਂ ਕੁਝ ਸਮੇਂ ਬਾਅਦ ਇਸ ਦੀ ਲੋੜ ਖਤਮ ਹੋ ਜਾਏਗੀ। ਦੂਸਰੀ ਗੱਲ ਇਹ ਕਿ ਮਾਸਕ ਨੂੰ ਵਰਦੀ ਦਾ ਹਿੱਸਾ ਮੰਨਿਆ ਜਾ ਸਕਦਾ ਹੈ ਜਾਂ ਨਹੀਂ। ਮਿਸਾਲ ਵਜੋਂ ਨਜ਼ਰ ਦੀ ਐਨਕ ਦੇ ਫਰੇਮ ਜਾਂ ਸਨ-ਗਲਾਸ ਨੂੰ ਵਰਦੀ ਦਾ ਹਿੱਸਾ ਨਹੀਂ, ਜ਼ਰੂਰਤ ਮੰਨਿਆ ਗਿਆ ਹੈ, ਜਿਸ ਦਾ ਫੈਸਲਾ ਫੌਜੀਆਂ ਦੀ ਮਰਜ਼ੀ ’ਤੇ ਛੱਡਿਆ ਗਿਆ ਹੈ। ਮਾਸਕ ਦੇ ਬਾਰੇ ਇੱਕਰੂਪਤਾ ਦੇ ਸਮਰਥਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜੇ ਤੱਕ ਸਾਰੇ ਜਵਾਨ ਅਤੇ ਅਧਿਕਾਰੀ ਮਾਸਕ ਪਹਿਨਣ ਲਈ ਆਪਣੀ ਮਰਜ਼ੀ ਨਾਲ ਸਫੈਦ ਜਾਂ ਕਾਲੇ ਰੰਗ ਦੇ ਉਹ ਮਾਸਕ ਪਹਿਨਦੇ ਹਨ ਜੋ ਸਿੱਧੇ-ਸਾਧਾਰਨ ਹਨ, ਪਰ ਨਿਯਮਾਂ ਦੀ ਘਾਟ ਕਾਰਨ ਫੈਸ਼ਨ ਵਾਲੇ ਮਾਸਕ ਜੇ ਲਏ ਗਏ ਤਾਂ ਕੀ ਹੋਵੇਗਾ ? ਇਨ੍ਹਾਂ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਮਾਸਕ ਬਾਰੇ ਅਧਿਕਾਰੀਆਂ ਤੇ ਜਵਾਨਾਂ ਵਿਚਾਲੇ ਫਰਕ ਨਹੀਂ ਕੀਤਾ ਜਾ ਸਕਦਾ।

ਮਾਸਕ ਦੀ ਇਕਰੂਪਤਾ ਦੀ ਜ਼ਰੂਰਤ ਨੂੰ ਸਭ ਤੋਂ ਪਹਿਲਾਂ ਇੰਡੀਅਨ ਨੇਵੀ ਨੇ ਮਹਿਸੂਸ ਕੀਤਾ ਅਤੇ ਕੋਚੀ ਵਿਚਲੇ ਹੈੱਡ ਕੁਆਰਟਰ ਨੇ ਆਪਣੇ ਕਰਮਚਾਰੀਆਂ ਨੂੰ ਸਫੈਦ ਵਰਦੀ ਦੇ ਨਾਲ ਸਫੈਦ ਅਤੇ ਸਮਾਰੋਹ ਵਿੱਚ ਪਹਿਨੀ ਜਾਣ ਵਾਲੀ ਨੀਲੀ ਵਰਦੀ ਦੇ ਨਾਲ ਨੀਲੇ ਮਾਸਕ ਪਹਿਨਣ ਦੀ ਹਦਾਇਤ ਜਾਰੀ ਕਰ ਦਿੱਤੀ ਸੀ।

## ਫਾਈਨਲ ਵਾਲੇ ਵਿਦਿਆਰਥੀਆਂ ਦੇ ਇਮਤਿਹਾਨ 30 ਸਤੰਬਰ ਤੱਕ ਕਰਾਉਣੇ ਹੀ ਪੈਣਗੇ: ਸੁਪਰੀਮ ਕੋਰਟ

ਨਵੀਂ ਦਿੱਲੀ, 30 ਅਗਸਤ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਇਸ ਫੈਸਲੇ ਨੂੰ ਕਾਇਮ ਰੱਖਿਆ ਹੈ ਕਿ ਫਾਈਨਲ ਵਾਲੇ ਵਿਦਿਆਰਥੀਆਂ ਦੇ ਇਮਤਿਹਾਨ 30 ਸਤੰਬਰ ਤੱਕ ਕਰਾਉਣੇ ਹੀ ਚਾਹੀਦੇ ਹਨ। ਅਦਾਲਤ ਨੇ ਕਿਹਾ: ‘ਰਾਜ ਸਰਕਾਰਾਂ ਫਾਈਨਲ ਦੇ ਇਮਤਿਹਾਨ ਤੋਂ ਬਿਨਾਂ ਵਿਦਿਆਰਥੀਆਂ ਨੂੰ ਪਾਸ ਨਹੀਂ ਕਰ ਸਕਦੀਆਂ।’ ਇਸ ਨਾਲ ਇਮਤਿਹਾਨਾਂ ਬਾਰੇ ਦੋਚਿੱਤੀ ਖਤਮ ਹੋ ਗਈ ਹੈ।



ਵਰਨਣ ਯੋਗ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਦੇ ਪੁੱਤਰ ਆਦਿਤਿਆ ਠਾਕਰੇ ਦੀ ਅਗਵਾਈ ਹੇਠ ਯੁਵਾ ਸੈਨਾ ਸਮੇਤ ਕਈ ਧਿਰਾਂ ਦੀਆਂ ਪਟੀਸ਼ਨਾਂ ਵਿਚ ਕੋਰੋਨਾ ਦੇ ਸੰਕਟ ਦੇ ਦੌਰਾਨ ਇਮਤਿਹਾਨ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਨ੍ਹਾਂ ਪਟੀਸ਼ਨਾਂ ਵਿੱਚ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੱਸ ਕੇ ਕਿਹਾ ਗਿਆ ਕਿ ਵਾਇਰਸ ਦੇ ਸੰਕਟ ਕਾਰਨ ਸਾਰੇ ਵਿਦਿਅਕ ਅਦਾਰੇ ਬੰਦ ਹਨ, ਇਸ ਲਈ ਮੰਗ ਕੀਤੀ ਗਈ ਕਿ ਇਮਤਿਹਾਨ ਰੱਦ ਕੀਤਾ ਜਾਵੇ।

ਅਦਾਲਤ ਨੇ ਕਿਹਾ ਕਿ ਰਾਜਾਂ ਨੂੰ ਵਿਦਿਆਰਥੀਆਂ ਨੂੰ ਪਾਸ ਕਰਨ ਲਈ ਇਮਤਿਹਾਨ ਕਰਵਾਉਣੇ ਪੈਣਗੇ। ਇਸ ਦੇ ਨਾਲ ਅਦਾਲਤ ਨੇ ਕਿਹਾ ਕਿ ਸੰਕਟ ਪ੍ਰਬੰਧ ਐਕਟ ਹੇਠ ਰਾਜਾਂ ਵਿਚ ਮਹਾਂਮਾਰੀ ਦੇ ਕਾਰਨ ਇਮਤਿਹਾਨ ਮੁਲਤਵੀ ਕੀਤੇ ਜਾ ਸਕਦੇ ਹਨ ਅਤੇ ਤਰੀਕ ਤੈਅ ਕਰਨ ਲਈ ਯੂ ਜੀ ਸੀ ਨਾਲ ਸਲਾਹ ਕੀਤੀ ਜਾ ਸਕਦੀ ਹੈ। ਜੱਜ ਸਾਹਿਬਾਨ ਨੇ ਕਿਹਾ ਕਿ ਜਿਹੜੇ ਰਾਜ 30 ਸਤੰਬਰ ਤੱਕ ਫਾਈਨਲ ਇਮਤਿਹਾਨ ਲਈ ਤਿਆਰ ਨਹੀਂ, ਉਨ੍ਹਾਂ ਨੂੰ ਯੂ ਜੀ ਸੀ ਨਾਲ ਵਿਚਾਰ ਕਰਨੀ ਪਵੇਗੀ। ਜਸਟਿਸ ਅਸ਼ੋਕ ਭੂਸ਼ਣ ਦੀ ਅਗਵਾਈ ਵਾਲੇ ਇਸ ਬੈਂਚ ਨੇ ਇਸ ਤੋਂ ਪਹਿਲਾਂ 18 ਅਗਸਤ ਨੂੰ ਆਪਣਾ ਫੈਸਲਾ ਰਾਖਵਾਂ ਰੱਖਿਆ ਸੀ। ਅੱਜ ਸੁਪਰੀਮ ਕੋਰਟ ਨੇ ਕਿਹਾ ਕਿ ਰਾਜ ਸਰਕਾਰਾਂ ਯੂ ਜੀ ਸੀ ਨੂੰ ਇਮਤਿਹਾਨ ਦੀ ਤਰੀਕ ਵਧਾਉਣ ਲਈ ਕਹਿ ਸਕਦੀਆਂ ਹਨ, ਰਾਜਾਂ ਨੂੰ ਇਮਤਿਹਾਨ ਰੱਦ ਕਰਨ ਦਾ ਅਧਿਕਾਰ ਹੈ, ਪਰ ਇਮਤਿਹਾਨ ਲੈਣ ਤੋਂ ਬਿਨਾਂ ਪ੍ਰਮੋਟ ਕਰਨ ਦਾ ਅਧਿਕਾਰ ਨਹੀਂ ਹੈ। ਫਿਰ ਵੀ ਕੁਝ ਰਾਜਾਂ ਦੀ ਸਟੇਟ ਆਫ਼ਤ ਪ੍ਰਬੰਧ ਅਥਾਰਟੀ ਵੱਲੋਂ ਇਮਤਿਹਾਨ ਰੱਦ ਕਰਨ ਦਾ ਫੈਸਲਾ ਜਾਰੀ ਰਹਿ ਸਕਦਾ ਹੈ, ਯੂ ਜੀ ਸੀ ਇਸ ਵਿਚ ਦਖਲ ਨਹੀਂ ਦੇ ਸਕਦੀ।

## ਰੂਸ ਵਿੱਚ ਚੀਨ-ਪਾਕਿ ਦੇ ਨਾਲ ਬਹੁ-ਕੌਮੀ ਫੌਜੀ ਐਕਸਰਸਾਈਜ਼ ਵਿੱਚ ਭਾਰਤ ਸ਼ਾਮਲ ਨਹੀਂ ਹੋਵੇਗਾ

ਨਵੀਂ ਦਿੱਲੀ, 30 ਅਗਸਤ (ਪੋਸਟ ਬਿਊਰੋ)- ਪੂਰਬੀ ਲੱਦਾਖ ਸਰਹੱਦ ’ਤੇ ਚੀਨ ਨਾਲ ਚੱਲ ਰਹੇ ਤਣਾਅ ਦੌਰਾਨ ਭਾਰਤ ਰੂਸ ਵਿੱਚ ਹੋ ਰਹੀ ਬਹੁ-ਕੌਮੀ ਫੌਜੀ ਐਕਸਰਸਾਈਜ਼ ਵਿੱਚ ਸ਼ਾਮਲ ਨਹੀਂ ਹੋਵੇਗਾ। ਇਸ ਐਕਸਰਸਾਈਜ਼ ਵਿੱਚ ਚੀਨ ਦੇ ਹੋਣ ਨੂੰ ਖਾਸ ਕਾਰਨ ਮੰਨਿਆ ਗਿਆ ਹੈ। ਰਸਮੀ ਤੌਰ ’ਤੇ ਇਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਚੀਨ ਅਤੇ ਪਾਕਿ ਫੌਜਾਂ ਵੀ ਇਸ ਵਿੱਚ ਹਿੱਸਾ ਲੈਂਦੀਆਂ ਹਨ।

ਤਾਜ਼ਾ ਰਿਪੋਰਟਾਂ ਮੁਤਾਬਕ ਭਾਰਤ ਆਪਣੇ ਇਸ ਫੈਸਲੇ ਬਾਰੇ ਰੂਸ ਨੂੰ ਜਲਦੀ ਦੱਸ ਸਕਦਾ ਹੈ। ਪਿਛਲੇ ਹਫਤੇ ਹੀ ਭਾਰਤ ਨੇ ਰੂਸ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਸੂਚਨਾ ਦਿੱਤੀ ਸੀ। ਭਾਰਤ ਦੀਆਂ ਤਿੰਨਾਂ ਫੌਜਾਂ ਦੇ ਕਰੀਬ 200 ਫੌਜੀਆਂ ਦੀ ਟੁਕੜੀ ਇਸ ਵਿੱਚ ਜਾਣ ਵਾਲੀ ਸੀ। ਦੱਖਣੀ ਰੂਸ ਦੇ ਅਸਤਰਾਖਾਨ ਖੇਤਰ ਵਿੱਚ 15 ਤੋਂ 26 ਸਤੰਬਰ ਵਿਚਾਲੇ ਹੋਣ ਵਾਲੀ ਫੌਜੀ ਐਕਸਰਸਾਈਜ਼ ਨੂੰ ਕਾਵਕਾਜ-2020 ਦਾ ਨਾਂਅ ਦਿੱਤਾ ਗਿਆ ਹੈ। ਇਸ ਬਹੁ-ਕੌਮੀ ਐਕਸਰਸਾਈਜ਼ ਵਿੱਚ ਚੀਨ, ਪਾਕਿਸਤਾਨ ਅਤੇ ਸ਼ੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਦੇ ਮੈਂਬਰ ਦੇਸ਼ਾਂ ਸਮੇਤ ਵੀਹ ਦੇਸ਼ ਸ਼ਾਮਲ ਹੋਣਗੇ।

ਫੌਜ ਦੇ ਸੂਤਰਾਂ ਮੁਤਾਬਕ ਇੱਕ ਉਚ ਪੱਧਰੀ ਬੈਠਕ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਡਿਫੈਂਸ ਸਟਾਫ ਦੇ ਮੁਖੀ ਜਨਰਲ ਬਿਪਿਨ ਰਾਵਤ ਮੌਜੂਦ ਸਨ। ਬੈਠਕ ਦੌਰਾਨ ਚਰਚਾ ਕੀਤੀ ਗਈ ਸੀ ਕਿ ਅਜਿਹੀ ਬਹੁ-ਪੱਖੀ ਬੈਠਕ ਵਿੱਚ ਹਿੱਸਾ ਲੈਣਾ ਸਹੀ ਨਹੀਂ ਹੋਵੇਗਾ, ਜਿੱਥੇ ਚੀਨੀ ਅਤੇ ਪਾਕਿਸਤਾਨੀ ਫੌਜੀ ਵੀ ਹੋਣਗੇ। ਪੂਰਬੀ ਲੱਦਾਖ ਸਰਹੱਦ ’ਤੇ ਭਾਰਤ-ਚੀਨ ਦੀਆਂ ਫੌਜਾਂ ਮਈ ਤੋਂ ਆਹਮੋ-ਸਾਹਮਣੇ ਹਨ ਅਤੇ 15 ਜੂਨ ਨੂੰ ਦੋਵਾਂ ਫੌਜਾਂ ਦੀ ਝੜਪ ਵਿੱਚ 20 ਭਾਰਤੀ ਜਵਾਨ ਤੇ ਚਾਲੀ ਚੀਨੀ ਫੌਜੀ ਮਾਰੇ ਗਏ ਸਨ। ਇਸ ਦੇ ਬਾਅਦ ਦੋਵਾਂ ਪੱਖਾਂ ਵਿੱਚ ਤਣਾਅ ਨੂੰ ਖਤਮ ਕਰਨ ਦੇ ਲਈ ਕੂਟਨੀਤਕ ਅਤੇ ਫੌਜੀ ਪੱਧਰ ਦੀ ਕਈ ਵਾਰ ਗੱਲਬਾਤ ਹੋ ਚੁੱਕੀ ਹੈ, ਪਰ ਕੋਈ ਨਤੀਜਾ ਨਹੀਂ ਨਿਕਲਿਆ।

# ਖੇਤੀ ਆਰਡੀਨੈਂਸਾਂ ਬਾਰੇ ਸੁਖਬੀਰ ਬਾਦਲ ਦੇ ਦਾਅਵੇ ਉੱਤੇ ਵਪਾਰੀ ਭੜਕੇ, ਅਕਾਲੀ ਦਲ ਨੂੰ ਭਗੌੜਾ ਕਿਹਾ

ਚੰਡੀਗੜ੍ਹ, 30 ਅਗਸਤ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਖੇਤੀ ਆਰਡੀਨੈਂਸ ਵਾਲੇ ਮੁੱਦੇ ਤੋਂ ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ ਦੇ ਦਾਅਵੇ ਉੱਤੇ ਪੰਜਾਬ ਦੇ ਵਪਾਰੀ ਭੜਕ ਪਏ ਹਨ।


ਪੰਜਾਬ ਦੀ ਫੈਡਰੇਸ਼ਨ ਆਫ ਆੜ੍ਹਤੀ ਐਸੋਸੀਏਸ਼ਨਜ਼ ਦੇ ਪ੍ਰਧਾਨ ਵਿਜੇ ਕਾਲੜਾ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨਾਲ ਵਫ਼ਾਦਾਰੀ ਦਿਖਾਉਣ ਲਈ ਪੰਜਾਬ ਦੇ ਵਪਾਰੀਆਂ ਅਤੇ ਕਿਸਾਨਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ, ਕੇਂਦਰ ਸਰਕਾਰ ਨੇ ਏਦਾਂ ਦਾ ਕੋਈ ਵਾਅਦਾ ਨਹੀਂ ਕੀਤਾ। ਕਾਲੜਾ ਨੇ ਵਿਧਾਨ ਸਭਾ ਸੈਸ਼ਨ ਮੌਕੇ ਕੇਂਦਰੀ ਖੇਤੀ ਅਰਡੀਨੈਂਸਾਂ ਵਿਰੁੱਧ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੁੱਕੇ ਕਦਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤੋਂ ਸਾਬਿਤ ਹੋ ਗਿਆ ਹੈ ਕਿ ਪੰਜਾਬ ਦੇ ਹਿੱਤਾਂ ਦਾ ਅਸਲੀ ਰਾਖਾ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਹੈ।

ਵਿਜੈ ਕਾਲੜਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਲੋਕਾਂ ਨੂੰ ਭਰਮਾਉਣ ਵਾਲੀ ਜੋ ਚਿੱਠੀ ਦਿਖਾਈ ਹੈ, ਉਹ ਇੱਕ ਸਿਆਸੀ ਢਕਵੰਜ ਹੈ। ਪਾਰਲੀਮੈਂਟ ਮੈਂਬਰ ਵਜੋਂ ਸੁਖਬੀਰ ਸਿੰਘ ਬਾਦਲ ਵੱਲੋਂ ਲਿਖੀ ਚਿੱਠੀ ਦੇ ਜਵਾਬ ਵਿਚ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਖਤਮ ਕਰਨ ਵਾਸਤੇ ਸਿਰਫ ਭਰੋਸਾ ਦਿੱਤਾ ਹੈ। ਕਾਲੜਾ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਕੈਸ਼ ਕਰੈਡਿਟ ਲਿਮਿਟ ਨਹੀਂ ਭੇਜੇਗੀ ਅਤੇ ਐੱਫ ਸੀ ਆਈ ਵਰਗੇ ਅਦਾਰੇ ਹੀ ਤੋੜ ਦੇਵੇਗੀ ਤਾਂ ਐੱਮ ਐੱਸ ਪੀ ਦਾ ਹਾਲ ਬਿਹਾਰ ਵਾਂਗ ਹੋਵੇਗਾ, ਜਿੱਥੇ ਵਾਧੂ ਝੋਨਾ ਹੁੰਦਾ ਹੈ, ਪਰ ਬਿਹਾਰ ਦਾ ਝੋਨਾ ਪੰਜਾਬ ਵਿੱਚ ਆ ਕੇ ਵਿਕਦਾ ਪਿਆ ਹੈ, ਕੇਂਦਰੀ ਖੁਰਾਕ ਸਪਲਾਈ ਮੰਤਰੀ ਰਾਮ ਵਿਲਾਸ ਪਾਸਵਾਨ ਦੇ ਆਪਣੇ ਰਾਜ ਬਿਹਾਰ ਵਿਚ ਝੋਨਾ ਐੱਮ ਐੱਸ ਪੀ ਤੋਂ ਘੱਟ 600 ਰੁਪਏ ਕੁਇੰਟਲ ਉੱਤੇ ਵਿਕਦਾ ਹੈ। ਇਹੋ ਹਾਲ ਮੱਕੀ ਦਾ ਹੈ, ਜਿਸ ਦਾ ਐੱਮ ਐੱਸ ਪੀ 1840 ਰੁਪਏ ਕੁਇੰਟਲ ਹੈ, ਪਰ ਮੱਕੀ 600 ਰੁਪਏ ਕੁਇੰਟਲ ਤੱਕ ਵਿਕਦੀ ਹੈ। ਉਨ੍ਹਾ ਨੇ ਕਿਹਾ ਕਿ ਏਸੇ ਲਈ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਅਕਾਲੀ ਵਿਧਾਇਕ ਭਗੌੜੇ ਹੋ ਗਏ ਤੇ ਬਹਾਨਾ ਹੋਰ ਲਾਇਆ ਹੈ। ਉਨ੍ਹਾਂ ਕਿਹਾ ਕਿ ਲੁਕਵੇਂ ਏਜੰਡੇ ਹੇਠ ਸੁਖਬੀਰ ਸਿੰਘ ਬਾਦਲ ਕਿਸਾਨਾਂ ਅਤੇ ਵਪਾਰੀਆਂ ਦਾ ਨੁਕਸਾਨ ਕਰ ਰਹੇ ਹਨ।

## ਥਾਣੇਦਾਰ ਨੂੰ ਕਾਰ ਸਵਾਰ ਅੱਧਾ ਕਿਲੋਮੀਟਰ ਘੜੀਸਦੇ ਲੈ ਗਏ

ਕੋਟ ਈਸੇ ਖਾਂ (ਮੋਗਾ), 30 ਅਗਸਤ (ਪੋਸਟ ਬਿਊਰੋ)- ਪਿੰਡ ਕੜਾਹੇਵਾਲਾ ਦੇ ਨਾਕੇ ’ਤੇ ਕੱਲ੍ਹ ਇੱਕ ਕਾਰ ਡਰਾਈਵਰ ਨੇ ਏ ਐਸ ਆਈ ’ਤੇ ਕਾਰ ਚੜ੍ਹਾ ਦਿੱਤੀ ਅਤੇ ਉਨ੍ਹਾਂ ਨੂੰ ਅੱਧਾ ਕਿਲੋਮੀਟਰ ਘੜੀਸਦਾ ਹੋਇਆ ਲੈ ਗਿਆ। ਇਸ ਤੋਂ ਬਾਅਦ ਉਸ ਨੂੰ ਸੜਕ ’ਤੇ ਸੁੱਟ ਕੇ ਫਰਾਰ ਹੋ ਗਿਆ। ਕਾਰ ਵਿੱਚ ਤਿੰਨ ਨੌਜਵਾਨ ਸਨ। ਘਟਨਾ ਵਿੱਚ ਏ ਐਸ ਆਈ ਦੇ ਦੋਵੇਂ ਪੈਰਾਂ ਦੀਆਂ ਹੱਡੀਆਂ ਟੁੱਟ ਗਈਆਂ ਹਨ। ਉਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮੋਗਾ ਦੇ ਥਾਣਾ ਕੋਟ ਈਸੇ ਖਾਂ ਹੇਠਲੇ ਪਿੰਡ ਕੜਾਹੇ ਵਾਲਾ ’ਚ ਕੱਲ੍ਹ ਸ਼ਾਮ ਨਾਕੇ ’ਤੇ ਚਾਰ ਪੁਲਸ ਮੁਲਾਜ਼ਮ ਤੈਨਾਤ ਸਨ। ਚੌਕੀ ਇੰਚਾਰਜ ਸ੍ਰੀਰਾਮ ਬਾਵਾ ਵੀ ਓਥੇ ਸੀ। ਫਿਰੋਜ਼ਪੁਰ ਦੇ ਮੱਖੂ ਕਸਬੇ ਵੱਲੋਂ ਇੱਕ ਸਵਿਫਟ ਡਿਜ਼ਾਇਰ ਕਾਰ ਤੇਜ਼ੀ ਨਾਲ ਆਈ ਤਾਂ ਚੌਕੀ ਇੰਚਾਰਜ ਨੇ ਰੁਕਣ ਦਾ ਇਸ਼ਾਰਾ ਕੀਤਾ, ਪਰ ਕਾਰ ਡਰਾਈਵਰ ਨੇ ਕਾਰ ਸਿੱਧੇ ਇੰਚਾਰਜ ’ਤੇ ਚੜ੍ਹਾ ਦਿੱਤੀ। ਚੌਕੀ ਇੰਚਾਰਜ ਨੇ ਹਿੰਮਤ ਦਿਖਾਈ ਤੇ ਕਾਰ ਦਾ ਬੋਨਟ ਫੜ ਲਿਆ। ਡਰਾਈਵਰ ਨੇ ਨਾਕੇ ਤੋਂ ਕਰੀਬ ਅੱਧਾ ਕਿਲੋਮੀਟਰ ਦੂਰ ਪਿੰਡ ਕਿਲੀ ਨੌਆਬਾਦ ਦੇ ਨੇੜੇ ਅਚਾਨਕ ਬਰੇਕ ਮਾਰੀ ਤਾਂ ਏ ਐਸ ਆਈ ਕਾਰ ਤੋਂ ਹੇਠਾਂ ਡਿੱਗ ਗਿਆ। ਕਾਰ ਦੇ ਟਾਇਰ ਉਸ ਦੇ ਦੋਵਾਂ ਪੈਰਾਂ ਤੋਂ ਲੰਘ ਗਏ। ਇੱਕ ਪੈਰ ਦੀਆਂ ਹੱਡੀਆਂ ਪੂਰੀ ਤਰ੍ਹਾਂ ਚੂਰ ਹੋ ਗਈਆਂ। ਦੂਜੇ ਪੈਰ ਦੀ ਹੱਡੀ ਵੀ ਟੁੱਟ ਗਈ ਹੈ। ਸਾਥੀ ਪੁਲਸ ਮੁਲਾਜ਼ਮ ਜਦੋਂ ਤੱਕ ਪੁੱਜਦੇ, ਕਾਰ ਸਵਾਰ ਕੋਟ ਈਸੇ ਖਾਂ ਵੱਲ ਫਰਾਰ ਹੋ ਗਏ। ਪੁਲਸ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

## ਸ਼ਰਾਬੀ ਨੇ ਆਪਣੇ ਹੀ ਸਾਥੀ ਦਾ ਕਤਲ ਕਰ ਛੱਡਿਆ




ਬਰਨਾਲਾ, 30 ਅਗਸਤ (ਪੋਸਟ ਬਿਊਰੋ)- ਸਥਾਨਕ ਬੱਸ ਸਟੈਂਡ ਰੋਡ ਨੇੜੇ ਸ਼ਨੀ ਦੇਵ ਮੰਦਰ ਵਾਲੀ ਗਲੀ ’ਚ ਇਕੱਠੇ ਜੁੱਤੀਆਂ ਬਣਾਉਣ ਦਾ ਕੰਮ ਕਰਦੇ ਦੋ ਕਾਰੀਗਰ ਇੱਕੋ ਮਕਾਨ ਵਿੱਚ ਰਹਿੰਦੇ ਸਨ। ਕੱਲ੍ਹ ਰਾਤ ਸ਼ਰਾਬ ਦੇ ਨਸ਼ੇ ’ਚ ਦੋਵਾਂ ’ਚ ਬਹਿਸ ਹੋਣ ਮਗਰੋਂ ਝਗੜਾ ਵੱਧ ਗਿਆ ਤਾਂ ਇੱਕ ਨੇ ਦੂਸਰੇ ਦਾ ਕਤਲ ਕਰ ਦਿੱਤਾ ਤੇ ਫਰਾਰ ਹੋ ਗਿਆ।

ਡੀ ਐਸ ਪੀ ਸਿਟੀ ਬਰਨਾਲਾ ਰਛਪਾਲ ਸਿੰਘ ਢੀਂਡਸਾ ਦੇ ਮੁਤਾਬਕ ਅਮਰ ਚੰਦ ਵਾਸੀ ਸੈਣੀਪੁਰਾ ਜ਼ਿਲਾ ਰੋਹਤਕ ਹਰਿਆਣਾ ਤੇ ਸੁਦਾਨੰਦ ਵਾਸੀ ਲੁਧਿਆਣਾ, ਜੋ ਪਿੰਡ ਗੁੰਮਟੀ ਦੇ ਸਰਪੰਚ ਜਰਨੈਲ ਸਿੰਘ ਰਾਹੀਂ ਰਘੁਵੀਰ ਸਿੰਘ ਦੇ ਮਕਾਨ ਵਿੱਚ ਕਿਰਾਏ ’ਤੇ ਰਹਿੰਦੇ ਸਨ, ਸ਼ੁੱਕਰਵਾਰ ਦੇਰ ਰਾਤ ਦੋਵੇਂ ਇਕੱਠੇ ਸ਼ਰਾਬ ਪੀ ਰਹੇ ਸਨ। ਸ਼ਰਾਬ ਦੇ ਨਸ਼ੇ ਵਿੱਚ ਦੋਵਾਂ ਦੀ ਆਪਸੀ ਤਕਰਾਰ ਹੋ ਗਈ ਤਾਂ ਗੁੱਸੇ ’ਚ ਆਏ ਸੁਦਾਨੰਦ ਨੇ ਅਮਰ ਚੰਦ ਦੇ ਸਿਰ ’ਤੇ ਰਾਡ ਨਾਲ ਵਾਰ ਕਰਦਿਆਂ ਉਸ ਦਾ ਕਤਲ ਕਰ ਦਿੱਤਾ ਤੇ ਫਰਾਰ ਹੋ ਗਿਆ। ਜਦ ਜਰਨੈਲ ਸਿੰਘ ਨੇ ਸਵੇਰੇ ਆ ਕੇ ਦੇਖਿਆ ਤਾਂ ਅਮਰ ਚੰਦ ਦੀ ਲਾਸ਼ ਖੂਨ ਨਾਲ ਲਥਪਥ ਪਈ ਸੀ। ਜਿਸ ਦੀ ਸੂਚਨਾ ਉਸ ਨੇ ਪੁਲਸ ਨੂੰ ਦਿੱਤੀ।

## ਰੇਤ ਦੇ ਟਰੱਕਾਂ ਦੀ ਨਾਜਾਇਜ਼ ਮਾਈਨਿੰਗ ਅਤੇ ਜਾਅਲੀ ਬਿੱਲਾਂ ਦੇ ਧੰਦੇ ਦਾ ਪਰਦਾ ਫ਼ਾਸ਼

* ਪੁਲਸ ਨੇ ਚਾਰ ਟਰੱਕ ਫੜੇ, ਕੇਸ ਦਰਜ

ਲੁਧਿਆਣਾ, 30 ਅਗਸਤ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ ਮਾਛੀਵਾੜਾ ਥਾਣੇ ਦੀ ਪੁਲਿਸ ਨੇ ਨੇੜਲੇ ਰੋਪੜ ਜ਼ਿਲ੍ਹੇ ਦੇ ਕਰੱਸ਼ਰਾਂ ਤੋਂ ਰੇਤੇ ਦੀ ਨਾਜਾਇਜ਼ ਮਾਈਨਿੰਗ ਦੇ ਨਾਲ ਜਾਅਲੀ ਬਿੱਲਾਂ ਉੱਤੇ ਮਾਲ ਦੀ ਢੋਆ-ਢੁਆਈ ਦਾ ਵੱਡਾ ਸਕੈਂਡਲ ਫੜਿਆ ਹੈ। ਇਸ ਦੇ ਬਾਅਦ ਪੁਲਿਸ ਨੇ 4 ਟਰੱਕ ਫੜ ਕੇ ਡਰਾਈਵਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਤੇ ਇਸ ਵਿੱਚ ਕੁਝ ਕਰੱਸ਼ਰ ਮਾਲਕਾਂ ਦੇ ਨਾਂ ਵੀ ਦਰਜ ਕੀਤੇ ਦੱਸੇ ਗਏ ਹਨ।



ਥਾਣਾ ਮੁਖੀ ਇੰਸਪੈਕਟਰ ਵਰਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਵਿਕਾਸ ਪੰਚਾਇਤ ਅਫ਼ਸਰ (ਬੀ ਡੀ ਪੀ ਓ) ਸਮਰਾਲਾ ਅਤੇ ਮਾਛੀਵਾੜਾ ਪੁਲਿਸ ਨੇ ਨਾਜਾਇਜ਼ ਮਾਈਨਿੰਗ ਰੋਕਣ ਲਈ ਸਾਂਝੀ ਨਾਕਾਬੰਦੀ ਕੀਤੀ ਸੀ ਕਿ ਮਾਛੀਵਾੜਾ-ਸਮਰਾਲਾ ਰੋਡ ਤੋਂ ਲੰਘਦੇ ਰੇਤ ਦੇ ਟਰੱਕ ਜਾਂਚ ਲਈ ਰੋਕੇ ਗਏ। ਟਰੱਕਾਂ ਚਾਲਕਾਂ ਨੇ ਰੇਤੇ ਦੀ ਮਾਲਕੀ ਤੇ ਢੋਆ-ਢੁਆਈ ਦੇ ਜਿਹੜੇ ਬਿੱਲ ਪੇਸ਼ ਕੀਤੇ, ਉਨ੍ਹਾਂ ਦੀ ਜ਼ਿਲ੍ਹਾ ਰੋਪੜ ਦੇ ਮਾਈਨਿੰਗ ਅਫ਼ਸਰ ਤੋਂ ਜਾਂਚ ਕਰਵਾਈ ਤਾਂ ਜਾਅਲੀ ਨਿਕਲੇ। ਮਾਛੀਵਾੜਾ ਪੁਲਿਸ ਨੂੰ ਮਿਲੇ ਬਿੱਲਾਂ ਦਾ ਕੋਈ ਰਿਕਾਰਡ ਜ਼ਿਲ੍ਹਾ ਮਾਈਨਿੰਗ ਅਫ਼ਸਰ ਰੋਪੜ ਦੇ ਦਫ਼ਤਰ ਵਿੱਚ ਦਰਜ ਨਹੀਂ ਸੀ। ਪੁਲਿਸ ਨੇ ਰੇਤੇ ਦੇ ਭਰੇ ਟਰੱਕ ਰੋਕ ਕੇ ਕੇਸ ਦਰਜ ਕਰ ਲਿਆ ਹੈ।

ਇਸ ਦੌਰਾਨ ਫੜੇ ਗਏ ਟਰੱਕ ਡਰਾਈਵਰ ਕਹਿ ਰਹੇ ਸਨ ਕਿ ਰੋਪੜ ਜ਼ਿਲੇ ਦੇ ਕਰੱਸ਼ਰਾਂ ਤੋਂ ਏਦਾਂ ਹੀ ਰੇਤ ਆਦਿ ਦੀ ਢੋਆ-ਢੁਆਈ ਵਾਲੇ ਟਰੱਕ ਡਰਾਈਵਰਾਂ ਤੋਂ ਪੂਰੇ ਪੈਸੇ ਲੈ ਕੇ ਜਿਹੜੇ ਮਾਈਨਿੰਗ ਦੀ ਪਰਚੀ ਅਤੇ ਬਿੱਲ ਦਿੱਤੇ ਜਾਂਦੇ ਹਨ, ਸਾਨੂੰ ਅਸਲੀ ਕਹਿ ਕੇ ਦਿੱਤੇ ਜਾਂਦੇ ਹਨ। ਕੁਝ ਕਰੱਸ਼ਰ ਮਾਲਕ ਆਪਣੀਆਂ ਜੇਬਾਂ ਭਰਨ ਲਈ ਜਾਅਲੀ ਬਿੱਲ ਦੇ ਕੇ ਰੇਤ, ਬਜਰੀ ਦੇ ਟਰੱਕ ਤੋਰ ਦਿੰਦੇ ਹਨ ਅਤੇ ਡਰਾਈਵਰਾਂ ਨੂੰ ਰਾਹ ਵਿੱਚ ਪੁਲਿਸ ਫੜ ਲੈਂਦੀ ਹੈ। ਉਨ੍ਹਾਂ ਕਿਹਾ ਕਿ ਜਾਅਲੀ ਬਿੱਲ ਦੇਣ ਵਾਲੇ ਕਰੱਸ਼ਰ ਮਾਲਕਾਂ ਨੇ ਟਰੱਕਾਂ ਵਿੱਚ ਰੇਤਾ ਭਰਨ ਦੇ ਪੂਰੇ ਪੈਸੇ ਵਸੂਲ ਲਏ ਸਨ, ਪਰ ਰਾਹ ਵਿੱਚ ਪੁਲਿਸ ਨੇ ਕੇਸ ਡਰਾਈਵਰਾਂ ਉੱਤੇ ਦਰਜ ਕਰ ਦਿੱਤਾ ਹੈ।

## ਅਣ-ਰਜਿਸਟਰਡ ਡਾਕਟਰ ਪੰਜ ਕਰੋੜ ਦੀ ਹੈਰੋਇਨ ਸਮੇਤ ਕਾਬੂ

ਸ਼ਾਹਕੋਟ, 30 ਅਗਸਤ (ਪੋਸਟ ਬਿਊਰੋ)- ਪੁਲਸ ਨੇ ਨਾਕੇਬੰਦੀ ਦੌਰਾਨ ਇੱਕ ਕਾਰ ਸਵਾਰ ਅਣ-ਰਜਿਸਟਰਡ ਡਾਕਟਰ ਨੂੰ ਰੋਕ ਕੇ ਉਸ ਦੇ ਕਬਜ਼ੇ ’ਚੋਂ ਪੰਜ ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਹੈ।ਡੀ ਐਸ ਪੀ ਸ਼ਾਹਕੋਟ ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਥਾਣਾ ਇੰਚਾਰਜ ਸੁਰਿੰਦਰ ਕੁਮਾਰ ਨੇ ਪੁਲਸ ਪਾਰਟੀ ਸਮੇਤ ਏ ਪੀ ਐਸ ਨਰਸਿੰਗ ਕਾਲਜ ਮਲਸੀਆਂ ਨੇੜੇ ਨੈਸ਼ਨਲ ਹਾਈਵੇ ਉਤੇ ਨਾਕੇਬੰਦੀ ਦੌਰਾਨ ਇੱਕ ਕਾਰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਇੱਕ ਕਿਲੋਗਰਾਮ ਹੈਰੋਇਨ ਮਿਲੀ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ ਪੰਜ ਕਰੋੜ ਰੁਪਏ ਦੱਸੀ ਜਾਂਦੀ ਹੈ। ਦੋਸ਼ੀ ਦੀ ਪਛਾਣ ਲਖਬੀਰ ਸਿੰਘ ਪੁੱਤਰ ਚਰਨ ਸਿੰਘ ਪਿੰਡ ਲਾਟੀਆਂਵਾਲਾ ਥਾਣਾ ਸੁਲਤਾਨਪੁਰ ਲੋਧੀ, ਕਪੂਰਥਲਾ ਵਜੋਂ ਹੋਈ ਹੈ। ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਲਖਬੀਰ ਸਿੰਘ ਕਰੀਬ ਛੇ ਸਾਲ ਤੋਂ ਪਿੰਡ ਲਾਟੀਆਂ ਵਾਲਾ ਵਿੱਚ ਆਪਣਾ ਕਲੀਨਿਕ ਚਲਾ ਰਿਹਾ ਹੈ। ਇਸ ਦੇ ਨਾਲ ਉਹ ਵੱਡੇ ਪੱਧਰ ’ਤੇ ਨਸ਼ੇ ਦਾ ਕਾਰੋਬਾਰ ਕਰਨ ਲੱਗ ਗਿਆ ਸੀ। ਉਸ ਦੇ ਵਿਰੁੱਧ ਨਸ਼ੇ ਦੇ ਕਾਰੋਬਾਰ ਦੇ ਦੋਸ਼ ਵਿੱਚ ਥਾਣਾ ਸੁਲਤਾਨਪੁਰ ਲੋਧੀ, ਜ਼ਿਲਾ ਕਪੂਰਥਲਾ ਵਿੱਚ ਦੋ ਕੇਸ ਦਰਜ ਹਨ। ਇਨ੍ਹਾਂ ਕੇਸਾਂ ਵਿੱਚ ਉਹ ਜ਼ਮਾਨਤ ’ਤੇ ਬਾਹਰ ਆਇਆ ਹੋਇਆ ਹੈ।

## 14 ਸਾਲਾ ਲੜਕੀ ਨੇ ਮੰਜੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ

ਜਲੰਧਰ ਛਾਉਣੀ, 30 ਅਗਸਤ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਹੇਠਲੇ ਮੁਹੱਲਾ ਕੋਟ ਰਾਮਦਾਸ ਵਿਖੇ ਰਹਿਣ ਵਾਲੀ ਨੌਵੀਂ ਜਮਾਤ ’ਚ ਪੜ੍ਹਦੀ 14 ਸਾਲਾ ਲੜਕੀ ਨੇ ਘਰ ਦੀ ਛੱਤ ’ਤੇ ਪਏ ਮੰਜੇ ਦੇ ਪਾਵੇ ਨਾਲ ਫਾਹਾ ਬਣਾ ਕੇ ਖੁਦਕੁਸ਼ੀ ਕਰ ਲਈ ਹੈ, ਜਿਸ ਦਾ ਪਤਾ ਲੱਗਣ ’ਤੇ ਮ੍ਰਿਤਕਾ ਦੇ ਪਰਿਵਾਰ ਨੇ ਪੁਲਸ ਨੂੰ ਸੂਚਿਤ ਕੀਤਾ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐਸ ਆਈ ਅਜਮੇਰ ਲਾਲ ਨੇ ਦੱਸਿਆ ਕਿ ਮ੍ਰਿਤਕਾ ਦੀ ਪਛਾਣ ਸਾਹਿਬਪ੍ਰੀਤ ਕੌਰ (14) ਪੁੱਤਰੀ ਹਰਮਿੰਦਰ ਸਿੰਘ ਵਾਸੀ ਕੋਟ ਰਾਮਦਾਸ ਵਜੋਂ ਹੋਈ ਹੈ, ਜੋ ਲੱਧੇਵਾਲੀ ’ਚ ਸਥਿਤ ਸੁਮਨ ਡੇ ਬੋਰਡਿੰਗ ਸੀਨੀਅਰ ਸੈਕੰਡਰੀ ਸਕੂਲ ਵਿਖੇ 9ਵੀਂ ਜਮਾਤ ਵਿੱਚ ਪੜ੍ਹਦੀ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਹਰਮਿੰਦਰ ਸਿੰਘ ਨੇ ਵੀ ਤਿੰਨ ਸਾਲ ਪਹਿਲਾਂ ਖੁਦਕੁਸ਼ੀ ਕਰ ਲਈ ਸੀ, ਜਿਸ ਕਰਨ ਸਾਹਿਬਪ੍ਰੀਤ ਕੌਰ ਮਾਨਸਿਕ ਤੌਰ ’ਤੇ ਪਰੇਸ਼ਾਨ ਰਹਿੰਦੀ ਸੀ, ਜਿਸ ਕਾਰਨ ਉਸ ਨੇ ਘਰ ਦੀ ਛੱਤ ’ਤੇ ਪਏ ਮੰਜੇ ਨੂੰ ਸਿੱਧਾ ਖੜ੍ਹਾ ਕਰ ਕੇ ਉਸ ਦੇ ਪਾਵੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਏ ਐਸ ਆਈ ਅਮਜੇਰ ਲਾਲ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਂ ਮਨਦੀਪ ਕੌਰ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ ’ਤੇ 174 ਦੇ ਤਹਿਤ ਕਾਨੂੰਨੀ ਕਾਰਵਾਈ ਕੀਤੀ ਗਈ ਹੈ।



# ਨੈਲਸਨ ਮੰਡੇਲਾ ਦੇ ਭਾਰਤੀ ਮੂਲ ਦੇ ਨਿੱਜੀ ਡਾਕਟਰ ਦਾ ਦਿਹਾਂਤ



ਜੋਹਨਸਬਰਗ, 30 ਅਗਸਤ (ਪੋਸਟ ਬਿਊਰੋ)- ਦੱਖਣੀ ਅਫਰੀਕਾ ਦੇ ਮਰਹੂਮ ਰਾਸ਼ਟਰਪਤੀ ਨੈਲਸਨ ਮੰਡੇਲਾ ਦੇ ਸਾਰੀ ਉਮਰ ਦੇ ਭਾਰਤੀ ਮੂਲ ਦੇ ਨਿੱਜੀ ਡਾਕਟਰ ਅਤੇ ਸਾਬਕਾ ਜਨਰਲ ਵਿਜੇ ਰਾਮਲਖਨ ਦਾ ਦਿਲ ਦਾ ਦੌਰਾ ਪੈਣ ਕਾਰਨ ਇਥੇ ਦਿਹਾਂਤ ਹੋ ਗਿਆ ਹੈ। ਉਹ 62 ਸਾਲ ਦੇ ਸਨ। ਵਿਜੇ ਰਾਮਲੱਖਨ ਨੇ ਦੱਖਣੀ ਅਫਰੀਕਾ ਦੇ ਨੇਤਾ ਦੀ ਕਰੀਬ ਇੱਕ ਦਹਾਕੇ ਤੱਕ ਦੇਖ ਭਾਲ ਕੀਤੀ ਸੀ। ਮੰਡੇਲਾ ਦਾ 2013 ਵਿੱਚ ਦਿਹਾਂਤ ਹੋ ਗਿਆ ਸੀ।

ਅਫਰੀਕਨ ਨੈਸ਼ਨਲ ਕਾਂਗਰਸ ਦੀ ਫੌਜੀ ਸ਼ਾਖਾ ਐਮ ਕੇ ਵਿਚਲੇ ਰਾਮਲਖਨ ਦੇ ਸਾਥੀਆਂ ਨੇ ਨਸਲਵਾਦ ਦੇ ਖਿਲਾਫ ਸੰਘਰਸ਼ ਵਿੱਚ ਦੇਸ਼ ਅਤੇ ਇਥੋਂ ਦੇ ਲੋਕਾਂ ਦੀ ਸੇਵਾ ਲਈ ਉਨ੍ਹਾਂ ਦੇ ਸਮਰਪਣ ਦੀ ਤਾਰੀਫ ਕੀਤੀ ਹੈ। ਐਮ ਕੇ ਵਿਚਲੇ ਰਾਮਲਖਨ ਦੇ ਸੀਨੀਅਰ ਸਾਥੀਆਂ ਨੇ ਰਾਜਸੀ ਸਨਮਾਨ ਨਾਲ ਉਨ੍ਹਾਂ ਦਾ ਅੰਤਿਮ ਸਸਕਾਰ ਕਰਨ ਦੀ ਅਪੀਲ ਕੀਤੀ ਹੈ। ਦੱਖਣੀ ਅਫਰੀਕਾ ਵਿੱਚ 1980 ਵਾਲੇ ਦਹਾਕੇ ਵਿੱਚ ਸਰਕਾਰ ਦੀ ਨਸਲਵਾਦੀ ਨੀਤੀ ਖਿਲਾਫ ਸੰਘਰਸ਼ ਵਿੱਚ ਰਾਮਲਖਨ ਨੇ ਆਪਣੇ ਇਲਾਕੇ ਡਰਬਨ ਵਿੱਚ ਅੰਦਰੂਨੀ ਵਿਰੋਧੀ ਗਰੁੱਪਾਂ ਦੇ ਗਠਨ ਲਈ ਪ੍ਰੋਗਰਾਮ ਦੀ ਸਫਲਤਾ ਪੂਰਵਕ ਅਗਵਾਈ ਕੀਤੀ ਸੀ। ਰਾਮ ਲਖਨ 2017 ਵਿੱਚ ਆਪਣੀ ਇੱਕ ਕਿਤਾਬ ਨਾਲ ਵਿਵਾਦਾਂ ਵਿੱਚ ਆ ਗਏ ਸਨ। 'ਮੰਡੇਲਾਜ ਲਾਸਟ ਈਅਰ' ਪੁਸਤਕ ਵਿੱਚ ਰਾਮਲਖਨ ਨੇ ਉਨ੍ਹਾਂ ਦੀਆਂ ਬਿਮਾਰੀਆਂ ਦੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਸੀ।

# ਕਿਮ ਜੌਂਗ ਉਨ ਨੇ ਕਿਹਾ; ਚੀਨੀ ਸਰਹੱਦ ਦੇ ਨੇੜੇ ਦਿੱਸਣ ਵਾਲੇ ਨੂੰ ਗੋਲੀ ਮਾਰੋ



ਪਿਓਂਗਯਾਂਗ, 30 ਅਗਸਤ (ਪੋਸਟ ਬਿਊਰੋ)- ਦੁਨੀਆ ਭਰ ਦੇ ਦੇਸ਼ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਤੋਂ ਪ੍ਰੇਸ਼ਾਨ ਹਨ ਤੇ ਇਸ ਦੇ ਇਲਾਜ ਲਈ ਤਰੀਕੇ ਲੱਭਣ ਵਿੱਚ ਲੱਗੇ ਹੋਏ ਹਨ। ਇਸ ਦੌਰਾਨ ਉਤਰੀ ਕੋਰੀਆ ਦੇ ਹਾਕਮ ਕਿਮ ਜੋਂਗ ਉਨ ਨੇ ਕੋਰੋਨਾ ਦੇ ਫੈਲਦੇ ਇਨਫੈਕਸ਼ਨ 'ਤੇ ਰੋਕ ਲਾਉਣ ਲਈ ਅਜੀਬੋ-ਗਰੀਬ ਹੁਕਮ ਜਾਰੀ ਕੀਤਾ ਹੈ।

ਕਿਮ ਨੇ ਕਿਹਾ ਕਿ ਦੇਸ਼ ਦਾ ਜੋ ਵੀ ਨਾਗਰਿਕ ਚੀਨ ਦੀ ਸਰਹੱਦ ਦੇ ਇੱਕ ਕਿਲੋਮੀਟਰ ਦੇ ਦਾਇਰੇ 'ਚ ਬਿਨਾਂ ਕਿਸੇ ਉਦੇਸ਼ ਦੇ ਘੁੰਮਦਾ ਨਜ਼ਰ ਆਵੇ, ਉਸ ਨੂੰ ਤੁਰੰਤ ਗੋਲੀ ਮਾਰ ਦਿਓ। ਇਸ ਤੋਂ ਪਹਿਲਾਂ ਵੀ ਤਾਨਾਸ਼ਾਹ ਆਪਣੇ ਫੈਸਲਿਆਂ ਲਈ ਜਾਣਿਆ ਜਾਂਦਾ ਰਿਹਾ ਹੈ। ਉਸ ਦੇ ਇਸ ਹੁਕਮ ਪਿੱਛੋਂ ਪੂਰੇ ਉਤਰੀ ਕੋਰੀਆ ਵਿੱਚ ਲੋਕ ਦਹਿਸ਼ਤ 'ਚ ਹਨ। ਜਿਨ੍ਹਾਂ ਚਾਰ ਸੂਬਿਆਂ ਉਤਰ ਹੈਮਯੋਂਗ, ਉਤਰੀ ਪਿਓਂਗਾਂਗ, ਚੰਗਾਨ ਅਤੇ ਰਯਾਂਗ ਗੰਗ ਦੀ ਸਰਹੱਦ ਚੀਨ ਨਾਲ ਲੱਗਦੀ ਹੈ, ਉਥੋਂ ਦੇ ਲੋਕ ਸਭ ਤੋਂ ਵੱਧ ਪ੍ਰੇਸ਼ਾਨ ਹਨ। ਚੀਨ ਦੇ ਨਾਲ ਨਾਰਥ ਕੋਰੀਆ ਦਾ ਇਲਾਕਾ 1420 ਕਿਲੋਮੀਟਰ ਸਰਹੱਦ 'ਚ ਫੈਲਿਆ ਹੋਇਆ ਹੈ। ਕੋਰੋਨਾ ਦਾ ਇਨਫੈਕਸ਼ਨ ਫੈਲਣ ਪਿੱਛੋਂ ਚੀਨ ਤੋਂ ਉਤਰੀ ਕੋਰੀਆ ਦਾ ਹਰ ਤਰ੍ਹਾਂ ਦਾ ਵਪਾਰ ਤੇ ਟੂਰਿਜ਼ਮ ਪੂਰੀ ਤਰ੍ਹਾਂ ਬੰਦ ਹੈ। ਇਸੇ ਕਾਰਨ ਉਤਰੀ ਕੋਰੀਆ 'ਚ ਬਹੁਤੇ ਗਿਣਤੀ 'ਚ ਕੋਰੋਨਾ ਦੇ ਮਰੀਜ਼ ਨਹੀਂ, ਪਰ ਕੁਝ ਦਿਨਾਂ ਤੋਂ ਉਥੇ ਵੀ ਇਨਫੈਕਸ਼ਨ ਫੈਲ ਰਿਹਾ ਹੈ। ਇਸ ਨੂੰ ਦੇਖ ਕੇ ਕਿਮ ਜੋਂਗ ਉਨ ਨੇ ਸਖਤੀ ਦਿਖਾਈ ਹੈ।

ਸਥਾਨਕ ਮੀਡੀਆ ਮੁਤਾਬਕ ਉਤਰ ਕੋਰੀਆ ਦੇ ਇੱਕ ਨੇਤਾ ਦੀ ਪ੍ਰਧਾਨਗੀ ਵਿੱਚ ਸਿਆਸੀ ਬਿਊਰੋ ਦੀ ਬੈਠਕ 'ਚ ਕੋਰੋਨਾ ਦੇ ਪ੍ਰਸਾਰ 'ਚ ਠੱਲ੍ਹਣ ਬਾਰੇ ਚਰਚਾ ਕੀਤੀ ਗਈ। ਉਤਰੀ ਕੋਰੀਆ ਨੇ ਇਹ ਵੀ ਕਿਹਾ ਕਿ ਉਹ ਸਰਹੱਦੀ ਖੇਤਰਾਂ ਦੇ ਪੁਲਸ ਸਟੇਸ਼ਨਾਂ 'ਤੇ ਗੋਲਾ-ਬਾਰੂਦ ਭੇਜ ਰਿਹਾ ਹੈ ਤਾਂ ਜੋ ਨਵੀਂ ਨੀਤੀ ਨੂੰ ਲਾਗੂ ਕਰ ਸਕਣ। ਉਤਰੀ ਹੈਮਯੋਂਗ ਦੇ ਇੱਕ ਫੌਜੀ ਅਧਿਕਾਰੀ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਇਹ ਹੁਕਮ 26 ਅਗਸਤ ਦੀ ਅੱਧੀ ਰਾਤ ਤੋਂ ਲਾਗੂ ਹੋ ਗਿਆ ਹੈ।

### ਮਾਪਿਆਂ ਸਾਹਮਣੇ ਪੁੱਤ ਨੂੰ ਗੋਲੀ:

# ਹਯਾਤ ਬਲੋਚ ਦੀ ਹੱਤਿਆ 'ਤੇ ਬਲੋਚੀ ਭਾਈਚਾਰੇ ਵਿੱਚ ਗੁਸੇ ਦੀ ਲਹਿਰ




ਲੰਡਨ, 30 ਅਗਸਤ (ਪੋਸਟ ਬਿਊਰੋ)- ਬਲੋਚ ਲੋਕਾਂ ਦੇ ਕੌਮੀ ਅੰਦੋਲਨ ਦੇ ਬ੍ਰਿਟਿਸ਼ ਜੋਨ ਦੇ ਪ੍ਰਧਾਨ ਹਕੀਮ ਬਲੋਚ ਨੇ ਬਲੋਚ ਨੌਜਵਾਨ ਹਯਾਤ ਮਿਰਜ਼ਾ ਬਲੋਚ ਦੀ ਹੱਤਿਆ 'ਤੇ ਪਾਕਿਸਤਾਨ ਸਰਕਾਰ ਨੂੰ ਫਿਟਕਾਰ ਲਾਈ ਹੈ।

ਹਕੀਮ ਬਲੋਚ ਨੇ ਕਿਹਾ ਕਿ ਹਯਾਤ ਦੀ ਮੌਤ ਦੇ ਨਾਲ ਉਸ ਦੇ ਸੁਫਨਿਆਂ ਦੀ ਵੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ 13 ਅਗਸਤ ਨੂੰ ਅਸੀਂ ਜੋ ਦੇਖਿਆ ਅਤੇ ਸੁਣਿਆਂ, ਉਹ ਦੁਖਦਾਈ ਘਟਨਾ ਸੀ ਜਿਸ ਵਿੱਚ ਬਲੋਚ ਨੌਜਵਾਨ ਹਯਾਤ ਮਿਰਜ਼ਾ ਬਲੋਚ ਦੀ ਮੌਤ ਹੋਈ ਹੈ। ਹਯਾਤ ਦੀ ਹੱਤਿਆ ਨਾ ਸਿਰਫ ਉਸ ਦੀ ਆਤਮਾ ਦਾ ਕਤਲ ਸੀ, ਸਗੋਂ ਇਸ ਹੱਤਿਆ ਨੇ ਇੱਕ ਸਨਮਾਨ ਜਨਕ ਨੌਕਰੀ ਕਰਨ ਅਤੇ ਮਾਪਿਆਂ ਦੀ ਦੇਖਭਾਲ ਕਰਨ ਅਤੇ ਸਿਖਿਆ ਦੇ ਸੁਫਨਿਆਂ ਨੂੰ ਮਾਰ ਦਿੱਤਾ। ਹਕੀਮ ਬਲੋਚ ਨੇ ਆਪਣੀ ਪੋਸਟ 'ਚ ਲਿਖਿਆ ਕਿ ਪਾਕਿਸਤਾਨ ਦੀ ਫਰੰਟੀਅਰ ਕੋਰ (ਐਫ ਸੀ) ਨੇ ਹਯਾਤ ਨੂੰ ਉਸ ਦੇ ਬੁੱਢੇ ਮਾਪਿਆਂ ਦੇ ਸਾਹਮਣੇ ਗੋਲੀਆਂ ਨਾਲ ਭੁੰਨ ਦਿੱਤਾ। ਉਨ੍ਹਾਂ ਲਿਖਿਆ ਕਿ ਹਯਾਤ ਦਾ ਪਰਿਵਾਰ ਗਰੀਬ ਹੈ ਅਤੇ ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕੀਤੀ ਸੀ ਕਿ ਹਯਾਤ ਇੱਕ ਚੰਗੀ ਸਿਖਿਆ ਪ੍ਰਾਪਤ ਕਰੇ। ਬਦਕਿਸਮਤੀ ਨਾਲ ਸੁਰੱਖਿਆ ਜਵਾਨਾਂ (ਐਫ ਸੀ) ਨੇ ਉਸ ਦੀ ਹੱਤਿਆ ਕਰ ਦਿੱਤੀ ਹੈ ਅਤੇ ਇਸ ਅਣਮਨੁੱਖੀ ਕਾਰੇ ਨੂੰ ਸਹੀ ਠਹਿਰਾਉਣ ਲਈ ਆਈ ਜੀ, ਐਫ ਸੀ ਨੇ ਹਯਾਤ ਮਿਰਜ਼ਾ ਦੇ ਘਰ ਦਾ ਦੌਰਾ ਕੀਤਾ ਅਤੇ ਉਸ ਦੇ ਮਾਪਿਆਂ ਨੂੰ ਪੈਸਿਆਂ ਦੀ ਪੇਸ਼ਕਸ਼ ਕੀਤੀ ਹੈ, ਪਰ ਆਪਣੀਆਂ ਅੱਖਾਂ ਦੇ ਸਾਹਮਣੇ ਜਵਾਨ ਪੁੱਤਰ ਗਵਾਉਣ ਵਾਲੇ ਮਾਪਿਆਂ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਰਫ ਕਵੇਟਾ ਅਤੇ ਕਰਾਚੀ 'ਚ ਹੀ ਨਹੀਂ, ਯੂਰਪ ਦੀ ਬਲੋਚ ਜਨਤਾ 'ਚ ਹਯਾਤ ਬਲੋਚ ਦੀ ਹੱਤਿਆ ਦੇ ਖਿਲਾਫ ਗੁੱਸਾ ਪਾਇਆ ਜਾ ਰਿਹਾ ਹੈ ਅਤੇ ਇਮਰਾਨ ਖਾਨ ਸਰਕਾਰ ਤੋਂ ਇਨਸਾਫ ਅਤੇ ਹੱਤਿਆਰਿਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਜਾ ਰਹੀ ਹੈ।




# ਸਾਬਕਾ ਪਾਕਿਸਤਾਨੀ ਜਨਰਲ ਦਾ ਚਾਰ ਦੇਸ਼ਾਂ 'ਚ ਕਰੋੜਾਂ ਦਾ ਮਾਲ



ਇਸਲਾਮਾਬਾਦ, 30 ਅਗਸਤ (ਪੋਸਟ ਬਿਊਰੋ)- ਚੀਨ-ਪਾਕਿਸਤਾਨ ਇਕਨ-ਾਮਿਕ ਕਾਰੀਡੋਰ (ਸੀ ਪੀ ਈ ਸੀ) ਦੇ ਵਾਲੇ ਪ੍ਰਾਜੈਕਟ ਦੇ ਚੇਅਰਮੈਨ ਅਤੇ ਸਾਬਕਾ ਪਾਕਿਸਤਾਨੀ ਜਨਰਲ ਅਸੀਮ ਸਲੀਮ ਬਾਜਵਾ ਦਾ ਆਰਥਿਕ ਸਾਮਰ-ਾਜ ਚਾਰ ਦੇਸ਼ਾਂ 'ਚ ਫੈਲਿਆ ਹੋਇਆ ਹੈ ਅਤੇ ਉਨ੍ਹਾਂ ਨੇ ਅਰਬਾਂ ਰੁਪਏ ਦੀ ਦੌਲਤ ਬਣਾਈ ਹੈ। ਬਾਜਵਾ ਐਂਡ ਫੈਮਿਲੀ ਦੀ ਵੱਡੀ ਆਰਥਿਕ ਖੇਡ ਦਾ ਖੁਲਾਸਾ ਪਾਕਿਸਤਾਨ ਦੀ ਪ੍ਰਸਿੱਧ ਵੈਬਸਾਈਟ ਫੈਕਟ ਫੋਕਸ ਨੇ ਕੀਤਾ ਹੈ।

ਇਹ ਖੁਲਾਸਾ ਹੋਣ ਦੇ ਕੁਝ ਦੇਰ ਬਾਅਦ ਹੀ ਵੈਬਸਾਈਟ ਹੈਕ ਹੋ ਗਈ। ਇਸ ਖੁਲਾਸੇ ਮਗਰੋਂ ਪਾਕਿਸਤਾਨ 'ਚ ਹੰਗਾਮਾ ਮੱਚ ਗਿਆ। ਪ੍ਰਧਾਨ ਮੰਤਰੀ ਇਰਮਾਨ ਖਾਨ 'ਤੇ ਬਾਜਵਾ ਨੂੰ ਹਟਾਉਣ ਲਈ ਦਬਾਅ ਵੀ ਵਧ ਰਿਹਾ ਹੈ। ਬਾਜਵਾ ਪਾਕਿਸਤਾਨੀ ਫੌਜ ਦੇ ਬੁਲਾਰੇ ਸਨ ਅਤੇ ਸੇਵਾਮੁਕਤ ਹੋਣ 'ਤੇ ਚੀਨ ਨੂੰ ਨੇੜਿਉਂ ਦੇਖਦੇ ਹੋਏ ਉਨ੍ਹਾਂ ਨੂੰ ਸੀ ਪੀ ਸੀ ਦੇ ਇਸ ਪ੍ਰਾਜੈਕਟ ਦਾ ਚੇਅਰਮੈਨ ਬਣਾ ਦਿੱਤਾ ਗਿਆ ਸੀ।

ਬਾਜਵਾ ਦੇ ਪਰਵਾਰ ਨੇ ਉਨ੍ਹਾਂ ਦੇ ਫੌਜ ਵਿੱਚ ਰਹਿਣ ਵੇਲੇ ਅਤੇ ਉਸ ਤੋਂ ਬਾਅਦ ਤੱਕ 99 ਕੰਪਨੀਆਂ ਅਤੇ 133 ਰੈਸਟੋਰੈਂਟ ਬਣਾ ਲਏ ਹਨ। ਇਨ੍ਹਾਂ 133 ਰੈਸਟੋਰੈਂਟਾਂ ਦੀ ਕੀਮਤ ਤਕਰੀਬਨ ਚਾਰ ਕਰੋੜ ਡਾਲਰ ਹੈ। 99 ਕੰਪਨੀਆਂ 'ਚੋਂ 66 ਮੁੱਖ ਕੰਪਨੀਆਂ ਅਤੇ 33 ਬ੍ਰਾਂਚ ਕੰਪਨੀਆਂ ਹਨ। ਬਾਜਵਾ ਦੇ ਪਰਵਾਰ ਨੇ 5.22 ਕਰੋੜ ਡਾਲਰ ਆਪਣੇ ਬਿਜ਼ਨਿਸ ਨੂੰ ਵਿਕਸਿਤ ਕਰਨ 'ਚ ਖਰਚ ਕੀਤੇ ਅਤੇ 1.45 ਕਰੋੜ ਡਾਲਰ ਅਮਰੀਕਾ 'ਚ ਜਾਇਦਾਦ ਖਰੀਦਣ 'ਚ ਲਾਏ ਹਨ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਜਿਵੇਂ-ਜਿਵੇਂ ਫੌਜ 'ਚ ਅਸੀਮ ਬਾਜਵਾ ਦਾ ਕੱਦ ਵਧਦਾ ਗਿਆ, ਉਸ ਦੇ ਪਰਵਾਰ ਦਾ ਬਿਜ਼ਨਿਸ ਵੀ ਵਧਦਾ ਗਿਆ। ਬਾਜਵਾ ਨੇ ਆਪਣੀ ਸਹੁੰ 'ਚ ਕਿਹਾ ਸੀ ਕਿ ਉਨ੍ਹਾਂ ਦੀ ਪਤਨੀ ਫਾਰੂਖ ਜ਼ੇਬਾ ਦਾ ਪਾਕਿਸਤਾਨ ਦੇ ਬਾਹਰ ਕੋਈ ਬਿਜ਼ਨਿਸ ਨਹੀਂ, ਪਰ ਸੱਚਾਈ ਇਸ ਦੇ ਉਲਟ ਹੈ। ਜਦ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਬਾਜਵਾ ਨੂੰ ਆਪਣਾ ਵਿਸ਼ੇਸ਼ ਸਹਾਇਕ ਬਣਾਇਆ ਤਾਂ ਬਾਜਵਾ ਨੇ ਆਪਣੀ ਪਤਨੀ ਦਾ ਨਾਂ 'ਤੇ 18,468 ਡਾਲਰ ਨਿਵੇਸ਼ ਦਾ ਐਲਾਨ ਕੀਤਾ ਸੀ। ਅਸੀਮ ਬਾਜਵਾ ਦੇ ਭਰਾਵਾਂ ਨੇ 2002 ਵਿੱਚ ਪਹਿਲੀ ਵਾਰ ਪਾਪਾ ਜਾਨ ਪੀਜ਼ਾ ਰੈਸਟੋਰੈਂਟ ਖੋਲ੍ਹਿਆ ਸੀ। ਓਦੋਂ ਬਾਜਵਾ ਉਸ ਵਕਤ ਦੇ ਫੌਜ ਮੁਖੀ ਜਨਰਲ ਪਰਵੇਜ਼ ਮੁਸ਼ੱਰਫ ਦੇ ਨਾਲ ਲੈਫਟੀਨੈਂਟ ਕਰਨਲ ਸਨ। ਅਸੀਮ ਬਾਜਵਾ ਦੇ ਭਰਾ ਨਦੀਮ ਬਾਜਵਾ ਨੇ ਪੀਜ਼ਾ ਰੈਸਟੋਰੈਂਟ 'ਚ ਡਿਲਿਵਰੀ ਡਰਾਈਵਰ ਵਜੋਂ ਕਰੀਅਰ ਸ਼ੁਰੂ ਕੀਤਾ ਸੀ। ਬਾਜਵਾ ਦੀ ਕੰਪਨੀ ਦਾ ਨਾਂ ਬਾਜਕੋ ਗਰੁੱਪ ਕੰਪਨੀਜ਼ ਹੈ। ਉਸ ਦਾ ਇੱਕ ਬੇਟਾ ਸਾਲ 2015 'ਚ ਇਸ ਕੰਪਨੀ ਵਿੱਚ ਰਲਿਆ ਅਤੇ ਪਾਕਿਸਤਾਨ ਤੇ ਅਮਰੀਕਾ ਵਿੱਚ ਨਵੀਆਂ ਕੰਪਨੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਜ ਇਹ ਕੰਪਨੀਆਂ ਅਮਰੀਕਾ ਤੋਂ ਇਲਾਵਾ, ਯੂ ਏ ਈ ਅਤੇ ਕੈਨੇਡਾ 'ਚ ਵੀ ਮੌਜੂਦ ਹਨ। ਅਸੀਮ ਬਾਜਵਾ ਦੇ ਕੁੱਲ ਛੇ ਭਰਾ ਅਤੇ ਤਿੰਨ ਭੈਣਾਂ ਹਨ।

# ਕੁੱਲ ਮਿਲਾ ਕੇ 215 ਸਾਲ ਦੇ ਕਰੀਬ ਹੈ ਇਕੁਆਡੋਰ ਦਾ ਜੋੜਾ



ਕਵਿਟੋ (ਇਕੁਆਡੋਰ), 30 ਅਗਸਤ (ਪੋਸਟ ਬਿਊਰੋ)- ਇਕੁਆਡੋਰ ਵਿੱਚ ਪਰਵਾਰ ਦੀ ਮਰਜ਼ੀ ਦੇ ਖਿਲਾਫ ਭੱਜ ਕੇ ਵਿਆਹ ਕਰਨ ਵਾਲੇ ਜੂਲੀਓ ਮੋਰਾ ਅਤੇ ਉਸ ਦੀ ਪਤਨੀ ਵਾਲਡਰਾ ਮੀਨਾ ਕਵਿਟੇਰੋਸ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਉਮਰ ਵਾਲੇ ਸ਼ਾਦੀ ਸ਼ੁਦਾ ਜੋੜਿਆਂ ਵਿੱਚ ਸ਼ਾਮਲ ਕੀਤੇ ਗਏ ਹਨ ਅਤੇ ਦੋਵਾਂ ਦੀ ਉਮਰ ਕੁੱਲ ਮਿਲਾ ਕੇ ਕਰੀਬ 215 ਸਾਲ ਹੈ। ਵਿਆਹ ਦੇ 79 ਸਾਲ ਦੇ ਬਾਅਦ ਵੀ ਦੋਵੇਂ ਇਕੱਠੇ ਹਨ। ਮੋਰਾ ਦੀ ਉਮਰ 110 ਸਾਲ ਤੇ ਉਸ ਦੀ ਪਤਨੀ 104 ਸਾਲ ਹੈ। ਦੋਵੇਂ ਉਮਰ ਦੇ ਇਸ ਪੜ੍ਹਾਅ 'ਤੇ ਵੀ ਆਕਰਸ਼ਕ ਲੱਗਦੇ ਹਨ ਅਤੇ ਉਨ੍ਹਾਂ ਦੀ ਸਿਹਤ ਵੀ ਬਿਹਤਰ ਹੈ। ਜੋੜੇ ਦੇ ਰਿਸ਼ਤੇਦਾਰਾਂ ਦਾ ਕਹਿਣਾ ਹੈ ਕਿ ਉਹ ਥੋੜ੍ਹੇ ਨਿਰਾਸ਼ ਹਨ, ਕਿਉਂਕਿ ਮਹਾਮਾਰੀ ਦੇ ਕਾਰਨ ਉਹ ਪਰਿਵਾਰ ਤੋਂ ਦੂਰ ਹਨ। ਗਿਨੀਜ ਬੁੱਕ ਵਰਲਡ ਰਿਕਾਰਡਜ਼ ਦੇ ਅਨੁਸਾਰ ਦੋਵੇਂ ਸਭ ਤੋਂ ਵੱਧ ਉਮਰ ਵਾਲਾ ਸ਼ਾਦੀਸ਼ੁਦਾ ਜੋੜਾ ਹੈ ਅਤੇ ਇਸ ਸਮੇਂ ਹੋਰ ਕਿਸੇ ਜੋੜੇ ਦੀ ਉਮਰ ਇੰਨੀ ਨਹੀਂ ਹੈ। ਦੋਵਾਂ ਦੀ ਸਾਂਝੀ ਉਮਰ 215 ਸਾਲ ਤੋਂ ਕੁਝ ਹੀ ਘੱਟ ਹੈ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton

ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

CALL TODAY FOR ANY CLASSIFIED OR MATRIMONIAL AD !!! 905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1

**Security Jobs - Security Guard Training - Licensing**

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

**We Also Provide All Level's of First Aid & CPR Training**

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com

REVIVE EMS · CANADIAN RED CROSS Training Partner

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

Services: Complete Basement · Tiles · Bathrooms · Plumbing · Laminate · Hardwood Floor · Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:

- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com

**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience

Marriage

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜਟ ਸਿਖ ਲੜਕਾ, ਉਮਰ 28 ਸਾਲ, ਕਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5" BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

**UPPAL LAW**

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL Manager

AMAN UPPAL Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com








# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com




## FRESH & LARGE VARIETY

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

